16-FEB-PAGE-1.qxd 2/15/2023 10:46 PM Page 1

ਵੀਰਵਾਰ, 16 ਫਰਵਰੀ, 2023
4 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 257

ਨਵਾਂ ਜ਼ਮਾਨਾ

DAILY NAWAN ZAMANA • THURSDAY, 16 FEBRUARY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਨੰਗਲ ਸ਼ਹੀਦਾਂ, ਮਾਨਗੜ੍ਹ ਤੇ ਮਜਾਰੀ ਟੋਲ ਪਲਾਜ਼ੇ ਵੀ ਬੰਦ

ਹੁਸ਼ਿਆਰਪੁਰ. (ਬਲਵੀਰ ਸਿੰਘ ਸੈਣੀ)–ਆਮ ਲੋਕਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਸੂਬੇ ਦੇ ਤਿੰਨ ਹੋਰ ਟੋਲ ਪਲਾਜ਼ੇ ਬੰਦ ਕਰਵਾਉਣ ਮੌਕੇ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਪਾਰਟੀਆਂ ਦੀਆਂ ਸਰਕਾਰਾਂ ਦੀ ਟੋਲ ਕੰਪਨੀਆਂ ਨਾਲ ਮਿਲੀਭੁਗਤ ਦਾ ਪਰਦਾਫਾਸ਼ ਕੀਤਾ।

ਇੱਥੇ ਮਜਾਰੀ (ਨਵਾਂਸ਼ਹਿਰ), ਨੰਗਲ ਸ਼ਹੀਦਾਂ ਤੇ ਮਾਨਗੜ੍ਹ (ਹੁਸ਼ਿਆਰਪੁਰ) ਟੋਲ ਪਲਾਜ਼ੇ ਬੰਦ ਕਰਵਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਤਿੰਨੋਂ ਟੋਲ ਬੰਦ ਹੋਣ ਨਾਲ ਲੋਕਾਂ ਦੇ ਰੋਜ਼ਾਨਾ 10.52 ਲੱਖ ਰੁਪਏ ਬਚਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਮਝੌਤੇ ਮੁਤਾਬਕ ਇਹ ਟੋਲ 10 ਸਾਲ ਪਹਿਲਾਂ ਬੰਦ ਹੋਣ ਚਾਹੀਦੇ ਸਨ, ਪਰ ਮੌਕੇ ਦੀਆਂ ਸਰਕਾਰਾਂ ਨੇ ਟੋਲ ਕੰਪਨੀ ਉਤੇ ਮਿਹਰਬਾਨ ਹੁੰਦਿਆਂ ਉਲਟਾ ਕੰਪਨੀ ਦੇ ਖਜ਼ਾਨੇ ਭਰਨ ਵਿਚ ਪੂਰੀ ਮਦਦ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਸਾਡੇ ਸਿਆਸਤਦਾਨਾਂ ਨੇ ਆਪਣੇ ਹੀ ਲੋਕਾਂ ਨਾਲ ਵਫਾ ਨਹੀਂ ਕਮਾਈ। ਪਿਛਲੇ ਸਮੇਂ ਵਿਚ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਦੀਆਂ ਸਰਕਾਰਾਂ ਨੇ ਆਪਣੇ ਲੋਕਾਂ ਦੇ ਹਿੱਤ ਸੋਚਣ ਦੀ ਬਜਾਏ ਸੂਬੇ ਦੇ ਖਜ਼ਾਨੇ ਦੋਵੇਂ ਹੱਥੀਂ ਲੁਟਾਏ। ਇਸ ਦੀ ਸਪੱਸ਼ਟ ਮਿਸਾਲ ਇਸ ਪ੍ਰਾਜੈਕਟ ਤੋਂ ਮਿਲਦੀ ਹੈ ਕਿ ਕਿਵੇਂ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਜੋ ਸਮਝੌਤੇ ਕਰਨ ਮੌਕੇ ਕਾਂਗਰਸ ਸਰਕਾਰ ਵਿਚ ਲੋਕ ਨਿਰਮਾਣ ਮੰਤਰੀ ਸਨ ਅਤੇ ਅਕਾਲੀ ਸਰਕਾਰ ਦੇ ਲੋਕ ਨਿਰਮਾਣ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅੰਦਰਖਾਤੇ ਕੰਪਨੀ ਨਾਲ ਮਿਲੀਭੁਗਤ ਕਰਕੇ ਲੋਕਾਂ ਦੀਆਂ ਜੇਬਾਂ ਉਤੇ ਡਾਕਾ ਮਰਵਾਉਂਦੇ ਰਹੇ। 'ਰਾਜ ਨਹੀਂ ਸੇਵਾ' ਦਾ ਢੰਡੋਰਾ ਪਿੱਟਣ ਵਾਲੇ ਕੰਪਨੀ ਦੀ ਸੇਵਾ ਵਿਚ ਲੱਗੇ ਰਹੇ। ਇਨ੍ਹਾਂ ਨੇਤਾਵਾਂ ਨੂੰ ਲੋਕਾਂ ਸਾਹਮਣੇ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਪੰਜਾਬ ਵਾਸੀਆਂ ਨਾਲ ਧ੍ਰੋਹ ਕਿਉਂ ਕਮਾਇਆ।

ਭਾਰਤ ਲੋਕਤੰਤਰ ਦੀ ਮਾਂ ਤੇ ਪੀ ਐੱਮ ਪਖੰਡ ਦੇ ਪਿਓ : ਕਾਂਗਰਸ

ਨਵੀਂ ਦਿੱਲੀ : ਬੀ ਬੀ ਸੀ ਦੇ ਦਿੱਲੀ ਤੇ ਮੁੰਬਈ ਦਫਤਰਾਂ ਵਿਚ ਇਨਕਮ ਟੈਕਸ ਵਿਭਾਗ ਵੱਲੋਂ 'ਸਰਵੇ' ਕਰਨ ਨੂੰ ਲੈ ਕੇ ਕਾਂਗਰਸ ਨੇ ਬੁੱਧਵਾਰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਹਮਲਾ ਕੀਤਾ। ਇਸਦੇ ਬੁਲਾਰੇ ਪਵਨ ਖੇੜਾ ਨੇ ਕਿਹਾ ਕਿ ਦੁਨੀਆ ਦੇ ਪ੍ਰੈਸ ਦੀ ਆਜ਼ਾਦੀ ਦੇ ਸੂਚਕ ਅੰਕ ਵਿਚ ਭਾਰਤ ਦਾ ਨੰਬਰ 150ਵਾਂ ਹੈ। ਉਨ੍ਹਾ ਕਿਹਾ—ਭਾਰਤ ਲੋਕਤੰਤਰ ਦੀ ਮਾਂ ਹੈ ਪਰ ਭਾਰਤ ਦੇ ਪ੍ਰਧਾਨ ਮੰਤਰੀ ਕਿਉਂ ਪਖੰਡ ਦੇ ਪਿਓ ਬਣੇ ਹੋਏ ਹਨ। ਬੀ ਬੀ ਸੀ ਦੇ ਦਫਤਰ ਵਿਚ ਇਨਕਮ ਟੈਕਸ ਵਾਲਿਆਂ ਨੂੰ ਘੱਲ ਕੇ ਉਨ੍ਹਾ ਨੂੰ ਕੀ ਮਿਲੇਗਾ? ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿਚ ਸਾਡਾ ਰੈਂਕ ਪਹਿਲਾਂ ਹੀ ਖਰਾਬ ਹੈ ਤੇ ਹੁਣ ਹੋਰ ਵੀ ਖਰਾਬ ਹੋਵੇਗਾ।

ਖੇੜਾ ਨੇ ਅੱਗੇ ਕਿਹਾ—ਪ੍ਰਧਾਨ ਮੰਤਰੀ ਨੇ ਫਿਲਿਪ ਕੋਟਲਰ ਐਵਾਰਡ, ਜਿਸ ਬਾਰੇ ਕਿਸੇ ਨੇ ਪਹਿਲਾਂ ਕਦੇ ਸੁਣਿਆ ਨਹੀਂ ਸੀ, ਮਿਲਣ ਦਾ ਜਸ਼ਨ ਮਨਾਇਆ ਸੀ ਤੇ ਜਦੋਂ ਇਕ ਮੀਡੀਆ ਹਾਊਸ (ਬੀ ਬੀ ਸੀ) ਨੇ ਅਲੋਚਨਾ ਕੀਤੀ ਤਾਂ ਪਹਿਲਾਂ ਉਸ ਵੱਲੋਂ ਜਾਰੀ ਡਾਕੂਮੈਂਟਰੀ 'ਤੇ ਰੋਕ ਲਾ ਦਿੱਤੀ ਤੇ ਫਿਰ ਆਪਣੇ ਖਿਲਾਫ ਵਿਦੇਸ਼ੀ ਸਾਜ਼ਿਸ਼ ਦੱਸਣ ਤੋਂ ਬਾਅਦ ਇਨਕਮ ਟੈਕਸ ਵਾਲਿਆਂ ਨੂੰ ਉਸਦੇ ਪਿੱਛੇ ਪਾ ਦਿੱਤਾ।ਖੇੜਾ ਨੇ ਕਿਹਾ ਕਿ ਬੀ ਬੀ ਸੀ ਦਾ ਨਫੇ-ਨੁਕਸਾਨ ਵਾਲਾ ਰੈਵੇਨਿਊ ਮਾਡਲ ਨਹੀਂ ਹੈ। ਉਸਦੇ ਗਾਹਕ ਇੰਗਲੈਂਡ ਦੇ ਡਾਕਖਾਨਿਆਂ ਵਿਚ ਲਸੰਸ ਫੀਸ ਜਮ੍ਹਾਂ ਕਰਾਉਂਦੇ ਹਨ ਤੇ ਡਾਕਖਾਨਾ ਉਸਨੂੰ ਬੀ ਬੀ ਸੀ ਨੂੰ ਦਿੰਦਾ ਹੈ। ਅੱਗੋਂ ਬੀ ਬੀ ਸੀ ਉਸ ਵਿੱਚੋਂ ਮੁਲਾਜ਼ਮਾਂ ਨੂੰ ਤਨਖਾਹ ਦਿੰਦੀ ਹੈ। ਫਿਰ ਭਾਰਤ ਦਾ ਇਨਕਮ ਟੈਕਸ ਵਿਭਾਗ ਕਿੱਥੋਂ ਤਸਵੀਰ ਵਿਚ ਆ ਗਿਆ? ਜੇ ਹਿੰਡਨਬਰਗ ਦਾ ਭਾਰਤ ਵਿਚ ਦਫਤਰ ਹੁੰਦਾ ਤਾਂ ਉਸਦਾ ਵੀ ਹੁਣ ਤਕ ਸਰਵੇ ਹੋ ਗਿਆ ਹੋਣਾ ਸੀ। ਪ੍ਰਧਾਨ ਮੰਤਰੀ ਨੇ ਦੇਸ਼ ਦਾ ਮਜ਼ਾਕ ਬਣਾ ਦਿੱਤਾ ਹੈ। ਅਸੀਂ ਬਨਾਨਾ ਰਿਪਬਲਿਕ (ਸਿਆਸੀ ਤੌਰ 'ਤੇ ਅਸਥਿਰ ਤੇ ਸੀਮਤ ਉਤਪਾਦਾਂ ਦੇ ਨਿਰਯਾਤ 'ਤੇ ਨਿਰਭਰ ਦੇਸ਼) ਨਹੀਂ ਹਾਂ ਤੇ ਨਾ ਕਦੇ ਹੋਵਾਂਗੇ। ਚੇਤੇ ਰਹੇ ਬੀ ਬੀ ਸੀ ਨੇ ਆਪਣੀ ਡਾਕੂਮੈਂਟਰੀ ਵਿਚ ਗੁਜਰਾਤ ਦੰਗਿਆਂ ਵਿਚ ਮੋਦੀ ਦੇ ਰੋਲ ਦੀ ਚਰਚਾ ਕੀਤੀ ਸੀ ਤੇ ਉਸਤੋਂ ਬਾਅਦ ਭਾਜਪਾ ਨੇ ਉਸਨੂੰ ਭਾਰਤ ਖਿਲਾਫ ਜ਼ਹਿਰ ਉਗਲਣ ਵਾਲੀ ਦੱਸਿਆ ਸੀ।ਬੀ ਬੀ ਸੀ ਇੰਡੀਆ ਵਿਰੁੱਧ ਆਮਦਨ ਕਰ ਵਿਭਾਗ ਨੇ ਬੁੱਧਵਾਰ ਦੂਜੇ ਦਿਨ ਵੀ ਛਾਪੇ ਜਾਰੀ ਰੱਖੇ। ਆਮਦਨ ਕਰ ਵਿਭਾਗ ਨੇ ਕਥਿਤ ਟੈਕਸ ਚੋਰੀ ਦੀ ਜਾਂਚ ਵਜੋਂ ਮੰਗਲਵਾਰ ਨੂੰ ਦਿੱਲੀ ਅਤੇ ਮੁੰਬਈ ਸਥਿਤ ਬੀ ਬੀ ਸੀ ਦਫਤਰਾਂ ਅਤੇ ਦੋ ਹੋਰ ਸੰਬੰਧਤ ਸਥਾਨਾਂ 'ਤੇ ਛਾਪੇ ਮਾਰੇ ਸਨ।

ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਮੀਡੀਆ ਦੀ ਆਜ਼ਾਦੀ 'ਤੇ ਹਮਲਾ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੇ ਬਰਾਬਰ ਹੈ। ਜੋ ਵੀ ਭਾਜਪਾ ਦੇ ਖਿਲਾਫ ਬੋਲਦਾ ਹੈ, ਇਹ ਲੋਕ ਆਈ ਟੀ, ਸੀ ਬੀ ਆਈ ਅਤੇ ਈ ਡੀ ਨੂੰ ਉਸ ਦੇ ਪਿੱਛੇ ਛੱਡ ਦਿੰਦੇ ਹਨ। ਉਨ੍ਹਾ ਟਵੀਟ ਕਰਕੇ ਇਹ ਸਵਾਲ ਕੀਤਾ–ਕੀ ਭਾਜਪਾ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਅਤੇ ਸੰਸਥਾਵਾਂ ਨੂੰ ਕੁਚਲ ਕੇ ਪੂਰੇ ਦੇਸ਼ ਨੂੰ ਗੁਲਾਮ ਬਣਾਉਣਾ ਚਾਹੁੰਦੀ ਹੈ?

ਸੁਨੀਤਾ ਹੁਣ ਸਟਾਰਲਾਈਨਰ ਨਾਲ ਪੁਲਾੜ 'ਚ ਜਾਵੇਗੀ

ਨਵੀਂ ਦਿੱਲੀ : ਜਹਾਜ਼ ਬਣਾਉਣ ਵਾਲੀ ਕੰਪਨੀ ਬੋਇੰਗ ਹੁਣ ਇਨਸਾਨਾਂ ਨੂੰ ਪੁਲਾੜ ਵਿਚ ਭੇਜਣ 'ਤੇ ਕੰਮ ਕਰ ਰਹੀ ਹੈ। ਇਸ ਲਈ ਉਸ ਨੇ ਨਾਸਾ ਦੇ ਸੀਨੀਅਰ ਸਾਇੰਟਿਸਟ ਬੁਚ ਵਿਲਮੋਰ ਤੇ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਨੂੰ ਚੁਣਿਆ ਹੈ। ਸੁਨੀਤਾ ਪਹਿਲਾਂ ਵੀ ਪੁਲਾੜ ਵਿਚ ਜਾ ਚੁੱਕੀ ਹੈ। ਹੁਣ ਤੱਕ ਕਈ ਪੁਲਾੜ ਯਾਨ ਇਨਸਾਨਾਂ ਨੂੰ ਪੁਲਾੜ ਵਿਚ ਲੈ ਕੇ ਗਏ ਹਨ, ਪਰ ਬੋਇੰਗ ਸਟਾਰਲਾਈਨਰ ਕੈਲਿਪਸੋ ਨਾਂਅ ਦਾ ਛੋਟਾ ਯਾਨ ਅਪ੍ਰੈਲ ਦੇ ਦੂਜੇ ਜਾਂ ਤੀਜੇ ਹਫਤੇ ਇਨਸਾਨਾਂ ਨੂੰ ਲਿਜਾਣ ਵਾਲਾ ਪਹਿਲਾ ਹੋਵੇਗਾ। ਬੁਚ ਤੇ ਸੁਨੀਤਾ ਦੋ ਹਫਤੇ ਤੱਕ ਇੰਟਰਨੈਸ਼ਨਲ ਸਪੇਸ ਸਟੇਸ਼ਨ ਵਿਚ ਰਹਿਣਗੇ। ਪੁਲਾੜ ਯਾਨ ਆਪਣੀ ਕੱਕਸ਼ਾ ਵਿਚ ਲੰਬੇ ਸਮੇਂ ਤੱਕ ਰਹਿ ਸਕਦਾ ਹੈ, ਜਦਕਿ ਬੋਇੰਗ ਸਟਾਰਲਾਈਨਰ ਕੋਲ ਘੱਟ ਸਮਾਂ ਹੁੰਦਾ ਹੈ। ਪੁਲਾੜ ਯਾਨ ਸਾਮਾਨ ਨਹੀਂ ਲਿਜਾ ਸਕਦਾ, ਜਦਕਿ ਬੋਇੰਗ ਸਟਾਰਲਾਈਨਰ ਪੁਲਾੜ ਵਿਚ ਉਪਕਰਣ ਤੇ ਦੂਜੇ ਗ੍ਰਹਿ ਲਈ ਹੋਰ ਸਾਮਾਨ ਲਿਜਾ ਸਕਦਾ ਹੈ। ਮਿਸ਼ਨ ਸਫਲ ਰਿਹਾ ਤਾਂ ਇਸ ਨਾਲ ਪੁਲਾੜ ਵਿਚ ਸੈਰਸਪਾਟੇ ਦੇ ਨਵੇਂ ਦਰ ਖੁੱਲ੍ਹਣਗੇ।

ਦੋ ਸਾਬਕਾ ਅਕਾਲੀ ਵਿਧਾਇਕ ਭਾਜਪਾ 'ਚ ਸ਼ਾਮਲ

ਨਵੀਂ ਦਿੱਲੀ : ਅਕਾਲੀ ਦਲ ਦੇ ਦੋ ਸਾਬਕਾ ਵਿਧਾਇਕ ਬੋਨੀ ਅਜਨਾਲਾ ਤੇ ਮਨਮੋਹਨ ਸਿੰਘ ਸਠਿਆਲਾ ਬੁੱਧਵਾਰ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਭਾਜਪਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ਼ਾਮਲ ਕਰਾਇਆ।

ਮਨੀਸ਼ਾ ਗੁਲਾਟੀ ਬਹਾਲ

ਚੰਡੀਗੜ੍ਹ : ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਮਨੀਸ਼ਾ ਗੁਲਾਟੀ ਨੂੰ ਬੁੱਧਵਾਰ ਰਾਹਤ ਮਿਲੀ ਜਦੋਂ ਪੰਜਾਬ ਸਰਕਾਰ ਨੇ ਉਸਨੂੰ ਹਟਾਉਣ ਦਾ ਫੈਸਲਾ ਵਾਪਸ ਲੈਣ ਦੀ ਜਾਣਕਾਰੀ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਿੱਤੀ। ਗੁਲਾਟੀ ਨੇ ਸਰਕਾਰ ਦੇ ਫੈਸਲੇ ਨੂੰ ਹਾਈਕੋਰਟ 'ਚ ਚੁਣੌਤੀ ਦਿੱਤੀ ਸੀ। ਸਰਕਾਰ ਨੇ ਇਹ ਕਹਿ ਕੇ ਉਸਨੂੰ ਹਟਾਇਆ ਸੀ ਕਿ ਨਿਯਮਾਂ ਮੁਤਾਬਕ ਚੇਅਰਪਰਸਨ ਦੀ ਮਿਆਦ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ। ਇਹ ਵਾਧਾ ਕੈਪਟਨ ਸਰਕਾਰ ਵੇਲੇ ਹੋਇਆ ਸੀ।

'ਪੰਜਾਬ ਨਿਵੇਸ਼ ਸੰਮੇਲਨ' ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 23 ਤੇ 24 ਫਰਵਰੀ, 2023 ਨੂੰ ਇੰਡੀਅਨ ਸਕੂਲ ਆਫ ਬਿਜਨਸ ਵਿਖੇ ਕਰਵਾਏ ਜਾ ਰਹੇ 'ਨਿਵੇਸ਼ ਪੰਜਾਬ ਸੰਮੇਲਨ' ਲਈ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਸਮੂਹ ਵਿਭਾਗਾਂ ਨਾਲ ਮੀਟਿੰਗ ਕਰਕੇ ਜਾਇਜ਼ਾ ਲਿਆ। ਇੱਥੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਸ ਵੱਡੇ ਸਮਾਗਮ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਆਖਿਆ ਜਿਸ ਵਿਚ ਦੇਸ਼ ਦੇ ਨਾਲ-ਨਾਲ ਵਿਸ਼ਵ ਭਰ ਤੋਂ ਉਦਯੋਗਿਕ ਦਿੱਗਜ਼ ਸ਼ਿਰਕਤ ਕਰਨਗੇ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਭਗਵੰਤ ਮਾਨ ਨੇ ਸੰਮੇਲਨ ਦੌਰਾਨ ਵੱਖ-ਵੱਖ ਵਿਸ਼ਿਆਂ ਉਤੇ ਹੋਣ ਵਾਲੇ ਤਕਨੀਕੀ ਸੈਸ਼ਨਾਂ ਦੀ ਰੂਪ-ਰੇਖਾ ਵੀ ਵਿਚਾਰੀ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਸੰਮੇਲਨ ਸੂਬੇ ਦੇ ਵਿਆਪਕ ਉਦਯੋਗਿਕ ਵਿਕਾਸ ਨੂੰ ਯਕੀਨੀ ਬਣਾਉਣ ਵਿਚ ਸਹਾਈ ਹੋਵੇਗਾ ਜਿਸ ਨਾਲ ਸੂਬਾ ਤਰੱਕੀਆਂ ਦੀ ਬੁਲੰਦੀਆਂ ਛੂਹੇਗਾ। ਉਨ੍ਹਾਂ ਕਿਹਾ ਕਿ ਘਰੇਲੂ ਅਤੇ ਆਲਮੀ ਨਿਵੇਸ਼ਕਾਰਾਂ ਦਰਮਿਆਨ ਪੰਜਾਬ ਨੂੰ ਸਭ ਤੋਂ ਪਸੰਦੀਦਾ ਸਥਾਨ ਵਜੋਂ ਉਭਾਰਨ ਲਈ ਨਿਵੇਸ਼ ਪੰਜਾਬ ਇਸ ਮੌਕਾ ਦਾ ਭਰਪੂਰ ਲਾਭ ਉਠਾਏਗਾ। ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਆਖਿਆ ਕਿ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਡੈਲੀਗੇਟਾਂ ਨਾਲ ਸੂਬੇ ਦੇ ਮੋਹਰੀ ਉੱਦਮੀਆਂ ਦੀ ਸਿੱਧੀ ਗੱਲਬਾਤ ਕਰਨ ਦੀ ਵਿਵਸਥਾ ਵੀ ਕੀਤੀ ਜਾਵੇ। ਮੁੱਖ ਮੰਤਰੀ ਨੇ ਜੋਰ ਦੇ ਕੇ ਕਿਹਾ ਕਿ ਇਸ ਨਾਲ ਵੱਖ-ਵੱਖ ਸੈਕਟਰਾਂ ਵਿੱਚ ਉਦਯੋਗਿਕ ਇਕਾਈਆਂ ਸਥਾਪਤ ਕਰਨ ਦੀ ਜਾਣਕਾਰੀ ਦੇ ਤਕਨੀਕੀ ਵਿਚਾਰ-ਵਟਾਂਦਰੇ ਦੇ ਨਾਲ-ਨਾਲ ਤਕਨੀਕੀ ਸਹਿਯੋਗ ਦੀਆਂ ਸੰਭਾਵਨਾਵਾਂ ਨੂੰ ਹੋਰ ਖੋਜਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਨਿਵੇਸ਼ ਪੰਜਾਬ ਸੰਮੇਲਨ ਵਿੱਚ ਹਿੱਸਾ ਲੈਣ ਲਈ ਸੂਬੇ ਵਿੱਚ ਆਉਣ ਵਾਲੀ ਆਲਮੀ ਇੰਡਸਟਰੀ ਤੋਂ ਪਹਿਲਾਂ 'ਬ੍ਰਾਂਡ ਪੰਜਾਬ' ਨੂੰ ਸਹੀ ਢੰਗ ਨਾਲ ਉਭਾਰਨਾ ਚਾਹੀਦਾ ਹੈ।

ਜਵਾਨੀ ਹਿੰਦੁਸਤਾਨ ਨੂੰ ਫਿਰ ਸੋਨੇ ਦੀ ਚਿੜੀ ਬਣਾਉਣ ਵਾਸਤੇ ਮੈਦਾਨ 'ਚ ਆਵੇ : ਮਾੜੀਮੇਘਾ

ਤਰਨ ਤਾਰਨ. ਗਦਰੀ ਦੇਸ਼ ਭਗਤ ਬਾਬਾ ਸੰਤਾ ਸਿੰਘ ਗੰਡੀਵਿੰਡ ਤੇ ਪੁਲਵਾਮਾ ਦੇ ਸ਼ਹੀਦ ਸੁਖਵਿੰਦਰ ਸਿੰਘ ਦਾ ਦਿਨ ਪਿੰਡ ਗੰਡੀਵਿੰਡ ਵਿਖੇ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਪਹਿਲਾਂ ਬਾਬਾ ਸੰਤਾ ਸਿੰਘ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਫਿਰ ਦੀਵਾਨ ਸਜਾਇਆ ਗਿਆ। ਮਹਾਨ ਕਥਾਵਾਚਕ ਜਸਵੰਤ ਸਿੰਘ ਨੇ ਕਥਾ ਸੁਣਾ ਕੇ ਸੰਗਤ ਦੇ ਹਿਰਦੇ ਵਿੱਚ ਗੁਰੂ ਸਾਹਿਬਾਂ ਦੀ ਵਿਚਾਰਧਾਰਾ ਵਸਾਉਣ ਦੀ ਕੋਸ਼ਿਸ਼ ਕੀਤੀ। ਸੰਗਤ ਉਨ੍ਹਾਂ ਦੀ ਕਥਾ ਸੁਣ ਕੇ ਨਿਹਾਲ ਹੋਈ। ਇਸ ਮੌਕੇ ਸ਼ਰਧਾਂਜਲੀ ਅਰਪਿਤ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਬਾਬਾ ਸੰਤਾ ਸਿੰਘ ਦੀ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਅਹਿਮ ਦੇਣ ਹੈ। ਉਹ ਅਮਰੀਕਾ ਵਿੱਚ ਗਏ ਕਮਾਈ ਕਰਨ ਸੀ, ਪਰ ਉਹ ਗਦਰ ਪਾਰਟੀ ਨਾਲ ਜੁੜ ਗਏ ਤੇ ਕਮਾਈ ਨੂੰ ਲੱਤ ਮਾਰੀ ਦੇਸ਼ ਆਜ਼ਾਦ ਕਰਾਉਣ ਲਈ ਹਿੰਦ ਆ ਗਏ। ਦੇਸ਼ ਦੀ ਆਜ਼ਾਦੀ ਲਈ ਘਾਲਣਾ ਘਾਲੀ ਤੇ ਅੰਗਰੇਜ਼ ਹਾਕਮਾਂ ਤਸੀਹੇ ਝੱਲੇ। ਉਹ ਗਦਰ ਲਹਿਰ ਦੇ ਦੂਜੇ ਪੜਾਅ ਦੇ ਪ੍ਰਮੁੱਖ ਆਗੂ ਸਨ। ਉਹ ਰੂਸ ਵਿੱਚੋਂ ਰੂਸ ਦੀ ਕ੍ਰਾਂਤੀ ਦਾ ਡੂੰਘਾਈ ਨਾਲ ਅਧਿਐਨ ਕਰਕੇ ਆਏ। ਉਹ ਹਿੰਦ ਆ ਕੇ ਕਿਰਤੀ ਕਿਸਾਨ ਪਾਰਟੀ ਨਾਲ ਜੁੜ ਗਏ ਅਤੇ ਪਾਰਟੀ ਦੇ ਸੂਬਾਈ ਸਕੱਤਰ ਬਣੇ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਘਰ ਵਿੱਚ ਕੈਦ ਕਰਕੇ ਸਖਤ ਪਹਿਰਾ ਲਾ ਦਿੱਤਾ, ਪਰ ਉਨ੍ਹਾਂ ਅੰਡਰ ਗਰਾਉਂਡ ਰਹਿੰਦਿਆਂ ਸਰਗਰਮੀ ਜਾਰੀ ਰੱਖੀ। ਇਸ ਮਹਾਨ ਦੇਸ਼ ਭਗਤ ਬਾਰੇ ਗਦਰੀ ਬਾਬਾ ਭਗਤ ਸਿੰਘ ਬਿਲਗਾ ਲਿਖਦੇ ਹਨ ਕਿ ਜਦੋਂ ਮੈਂ ਰੂਸ ਵਿੱਚੋਂ ਪੜ੍ਹ ਕੇ ਆਇਆ ਤੇ

16-FEB-PAGE-1.qxd 2/15/2023 10:48 PM Page 2

ਬਾਬਾ ਮੋਨੀ ਜੀ ਕਾਲਜ ਦਾ ਬੀ. ਐਡ ਭਾਗ-1 (ਸਮੈਸਟਰ-2) ਦਾ ਨਤੀਜਾ ਸਰਵੋਤਮ ਰਿਹਾ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ. ਐਡ ਭਾਗ-1 (ਸਮੈਸਟਰ-2) ਦੇ ਨਤੀਜਿਆਂ 'ਚੋਂ ਬਾਬਾ ਮੋਨੀ ਜੀ ਮਹਾਰਾਜ ਕਾਲਜ ਆਫ ਐਜੂਕੇਸ਼ਨ, ਲਹਿਰਾ ਮੁਹੱਬਤ (ਬਠਿੰਡਾ) ਦੇ ਵਿਦਿਆਰਥੀਆਂ ਦਾ ਨਤੀਜਾ ਸਰਵੋਤਮ ਰਿਹਾ ਹੈ। ਕਾਲਜ ਦੀਆਂ ਵਿਦਿਆਰਥਣਾਂ ਆਸ਼ੂ ਗੁਪਤਾ ਪੁੱਤਰੀ ਅਨਿਲ ਕੁਮਾਰ ਗੁਪਤਾ ਨੇ ਪਹਿਲਾ, ਰਮਨਦੀਪ ਕੌਰ ਪੁੱਤਰੀ ਰਜਿੰਦਰ ਸਿੰਘ ਨੇ ਦੂਜਾ ਅਤੇ ਪ੍ਰਿਅੰਕਾ ਪੁੱਤਰੀ ਨਰੇਸ਼ ਕੁਮਾਰ ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ, ਡਾਇਰੈਕਟਰ ਕੇਸਰ ਸਿੰਘ ਧਲੇਵਾਂ ਅਤੇ ਐਡਮਨਿਸਟਰੇਟਿਵ ਕੁਲਵੀਰ ਸਿੰਘ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਮੁਕੇਸ਼ ਕੁਮਾਰ ਸਾਹੂ ਅਤੇ ਵਾਇਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਅੱਗੇ ਤੋਂ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਹਰਮਨਪ੍ਰੀਤ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋਹਰਪਿੰਦਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਕੁਲਦੀਪ ਕੌਰ, ਪ੍ਰੋ. ਮੋਨਿਕਾ ਗਰਗ, ਪ੍ਰੋ. ਦਲਜੀਤ ਕੌਰ, ਪ੍ਰੋ. ਗੁਰਪ੍ਰੀਤ ਕੌਰ (ਪੰਜਾਬੀ), ਪ੍ਰੋ. ਗੁਰਪ੍ਰੀਤ ਕੌਰ (ਕੰਪਿਊਟਰ), ਪ੍ਰੋ.ਵਰਦੀਪ ਕੌਰ, ਪ੍ਰੋ. ਸਰਬਜੀਤ ਕੌਰ ਅਤੇ ਪ੍ਰੋ. ਪ੍ਰਦੀਪ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

ਬਿਜਲੀ ਘਰ ਕਰਾਇਆ ਸੁਖਮਨੀ ਸਾਹਿਬ ਦਾ ਪਾਠ

ਮਮਦੋਟ (ਹਰਪਾਲ ਸਿੰਘ ਸੋਢੀ) ਬਿਜਲੀ ਘਰ ਦੇ ਸਮੁੱਚੇ ਸਟਾਫ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਰਬੱਤ ਦੇ ਭਲੇ ਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਬਿਜਲੀ ਘਰ ਦੇ ਗਰਿੰਡ ਵਿਖੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਫੁੱਮਨ ਸਿੰਘ ਐਸ ਡੀ ਓ, ਪ੍ਰਧਾਨ ਅਜਮੇਰ ਸਿੰਘ, ਗੁਰਦੇਵ ਸਿੰਘ ਮਮਦੋਟ, ਬੂਟਾ ਸਿੰਘ, ਗੁਰਬਚਨ ਸਿੰਘ ਜੇ ਈ, ਸੰਦੀਪ ਧਵਨ ਜੇ ਈ, ਪਰਮਜੀਤ ਸਿੰਘ ਜੇ ਈ, ਜਰਮਲ ਸਿੰਘ, ਅਕਾਸ਼ ਮਹਿਤਾ ਆਰ ਏ, ਅਵਿਨਾਸ਼ ਸ਼ਰਮਾ, 'ਆਪ' ਆਗੂ ਡਾ. ਨਿਰਵੈਰ ਸਿੰਘ ਸਿੱਧੀ 'ਆਪ' ਆਗੂ ਲੋਕ ਸਭਾ ਹਲਕਾ ਫ਼ਿਰੋਜ਼ਪੁਰ, ਹਰਜਿੰਦਰ ਸਿੰਘ ਸਿੱਧੀ, ਬਲਰਾਜ ਸਿੰਘ ਬਰਾੜ, ਕਰਨੈਲ ਸਿੰਘ ਜੇ.ਈ, ਹਰਪਾਲ ਸਿੰਘ, ਕਿਸਾਨ ਆਗੂ ਨਰਿੰਦਰ ਸਿੰਘ ਜਤਾਲਾ, ਸੁਖਚੈਨ ਢੀਂਗਰਾ ਪ੍ਰਧਾਨ ਬੀ ਕੇ ਯੂ, ਪ੍ਰਧਾਨ ਗੁਰਭੇਜ ਸਿੰਘ ਭੁੱਲਰ, ਕਿਸਾਨ ਆਗੂ ਮੰਗਲ ਸਿੰਘ ਸਵਾਈਕੇ, ਪਰਮਿੰਦਰ ਸਿੰਘ ਨੰਬਰਦਾਰ, ਮਨਜਿੰਦਰ ਸਿੰਘ ਸਾਬ ਸਾਹਨਕੇ, ਜਗਤਾਰ ਸਿੰਘ, ਨਿਸ਼ਾਨ ਸਿੰਘ, ਸੁਭਾਸ਼ ਚੰਦਰ ਵੀ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

ਲੋਕ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਮੁੱਖ ਤਰਜੀਹ : ਮਾਨ

ਬਰਨਾਲਾ, (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ) ਜ਼ਿਲ੍ਹੇ 'ਚ ਚੱਲ ਰਹੀਆਂ ਕੇਂਦਰੀ ਸਕੀਮਾਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਵਿਕਾਸ ਤਾਲਮੇਲ ਤੇ ਨਿਗਰਾਨ (ਦਿਸ਼ਾ) ਕਮੇਟੀ ਦੀ ਮੀਟਿੰਗ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ, ਜਿਨ੍ਹਾਂ 'ਚ ਸਰਕਾਰੀ ਸਕੀਮਾਂ ਦੇ ਲਾਭ ਯੋਗ ਲਾਭਪਾਤਰੀਆਂ ਨੂੰ ਹੇਠਲੇ ਪੱਧਰ ਤੱਕ ਲਾਭ ਮਿਲਣਾ ਯਕੀਨੀ ਬਣਾਉਣ ਦੀ ਤਾਕੀਦ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਲੋਕ ਮਸਲਿਆਂ ਦਾ ਹੱਲ ਕਰਨਾ ਪਹਿਲੀ ਤਰਜੀਹ ਹੈ। ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੱਖ-ਵੱਖ ਕੇਂਦਰੀ ਸਕੀਮਾਂ ਦੀ ਪ੍ਰਗਤੀ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਸਾਰੀਆਂ ਸਕੀਮਾਂ ਨੂੰ ਬਿਹਤਰ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਜੁ ਕੋਈ ਵੀ ਲਾਭਪਾਤਰੀ ਵਾਂਝਾ ਨਾ ਰਹੇ। ਇਸ ਮੌਕੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਾਰੀਆਂ ਕੇਂਦਰੀ ਸਕੀਮਾਂ ਨੂੰ ਸਫ਼ਲਤਾ ਪੂਰਵਕ ਲਾਗੂ ਕਰਨ ਲਈ ਪੂਰੀ ਤਨਦੇਹੀ ਨਾਲ ਯਤਨਸ਼ੀਲ ਹੈ। ਇਸ ਮੌਕੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਆਰਡੀਐੱਸਐੱਸ ਸਕੀਮ ਦੀ ਮੀਟਿੰਗ ਵੀ ਹੋਈ, ਜਿਸ ਅਧੀਨ 75.23 ਕਰੋੜ ਦੇ ਕੰਮ ਸਾਲ 2025 ਤੱਕ ਕਰਾਏ ਜਾਣੇ ਹਨ। ਇਸ ਅਧੀਨ 2 ਨਵੇਂ 66ਕੇਵੀ ਗਰਿੱਡ ਸਥਾਪਿਤ ਕੀਤੇ ਜਾਣੇ ਹਨ। ਇਸ ਤੋਂ ਇਲਾਵਾ ਮਾਨ ਵੱਲੋਂ ਵੱਖ-ਵੱਖ ਪਿੰਡਾਂ ਦੇ ਕਰਾਏ ਜਾਣ ਵਾਲੇ ਕੰਮਾਂ ਨੂੰ ਜਲਦ ਕਰਾਉਣ ਬਾਰੇ ਅਧਿਕਾਰੀਆਂ ਨੂੰ ਕਿਹਾ ਗਿਆ। ਉਨ੍ਹਾਂ ਕਿਹਾ ਕਿ ਕਰੀਬ ਢਾਈ ਕਰੋੜ ਦੇ ਐਮ ਪੀ ਲੈਡ ਫੰਡਾਂ ਨਾਲ ਵੱਖ-ਵੱਖ ਵਿਕਾਸ ਕਾਰਜ ਕਰਾਏ ਜਾ ਰਹੇ ਹਨ। ਇਸ ਮੌਕੇ ਐੱਸਐੱਸਪੀ ਬਰਨਾਲਾ ਸੰਦੀਪ ਕੁਮਾਰ ਮਲਿਕ, ਜ਼ਿਲ੍ਹਾ ਪ੍ਰੀਸ਼ਦ ਚੇਅਰਪਰਸਨ ਸਰਬਜੀਤ ਕੌਰ, ਸਾਬਕਾ ਸੰਸਦ ਮੈਂਬਰ ਰਾਜਦੇਵ ਸਿੰਘ ਖਾਲਸਾ, ਵਿਧਾਇਕਾਂ ਦੇ ਨੁਮਾਇੰਦੇ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸੰਵਿਧਾਨ ਅਨੁਸਾਰ ਮੁੱਖ ਮੰਤਰੀ ਗਵਰਨਰ ਨੂੰ ਜਾਣਕਾਰੀ ਦੇਣ ਲਈ ਪਾਬੰਦ : ਬੀਰ ਦਵਿੰਦਰ ਸਿੰਘ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) - ਗਵਰਨਰ ਪੰਜਾਬ ਵੱਲੋਂ ਜਾਣਕਾਰੀ ਮੰਗੇ ਜਾਣ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਹ ਬਿਆਨ ਦੇਣਾ ਕਿ ਮੈਂ ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਾਂ, ਨਾ ਕਿ ਦਿੱਲੀ ਵੱਲੋਂ ਲਾਏ ਗਵਰਨਰ ਨੂੰ, ਹਾਸੋਹੀਣਾ ਹੈ, ਕਿਉਂਕਿ ਸੰਵਿਧਾਨ ਅਨੁਸਾਰ ਮੁੱਖ ਮੰਤਰੀ ਗਵਰਨਰ ਨੂੰ ਜਵਾਬ ਦੇਣ ਲਈ ਪਾਬੰਦ ਹੈ। ਇਹ ਬਿਆਨ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਤੇ ਸੰਵਿਧਾਨਕ ਮਾਮਲਿਆਂ ਦੇ ਮਾਹਰ ਮੰਨੇ ਜਾਂਦੇ ਸੀਨੀਅਰ ਸਿਆਸਤਦਾਨ ਬੀਰ ਦਵਿੰਦਰ ਸਿੰਘ ਨੇ ਮੁੱਖ ਮੰਤਰੀ ਤੇ ਗਵਰਨਰ ਦਰਮਿਆਨ ਚੱਲ ਰਹੇ ਵਿਵਾਦ ਸਬੰਧੀ ਜਵਾਬ ਦਿੰਦਿਆਂ ਕਹੇ। ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਚੋਣਾਂ ਸੰਵਿਧਾਨ ਅਨੁਸਾਰ ਹੁੰਦੀਆਂ ਹਨ ਤੇ ਭਗਵੰਤ ਮਾਨ ਵੀ ਮੁੱਖ ਮੰਤਰੀ ਸੰਵਿਧਾਨ ਦੇ ਅਨੁਸਾਰ ਸੰਵਿਧਾਨ ਦੀ ਸਹੁੰ ਖਾ ਕੇ ਬਣੇ ਹਨ, ਜਿਨਾਂ ਨੂੰ ਗਵਰਨਰ ਨੇ ਸੰਵਿਧਾਨ ਦੀ ਸਹੁੰ ਚੁਕਾਈ ਹੈ। ਇਸ ਲਈ ਜੇਕਰ ਭਗਵੰਤ ਸਿੰਘ ਮਾਨ ਸੰਵਿਧਾਨ ਤੋਂ ਬਾਹਰ ਜਾ ਕੇ ਸਰਕਾਰ ਚਲਾਉਣ ਦੀ ਕੋਸ਼ਿਸ਼ ਕਰਨਗੇ ਤਾਂ ਪੰਜਾਬ ਦਾ ਨੁਕਸਾਨ ਹੋਵੇਗਾ, ਜੋ ਬੀਤੇ ਸਮੇਂ ਦੌਰਾਨ ਵੀ ਹੋ ਚੁੱਕਾ ਹੈ। ਉਨਾਂ ਕਿਹਾ ਕਿ ਪੰਜਾਬ ਭਾਰਤ ਦਾ ਇੱਕ ਅਜਿਹਾ ਸੂਬਾ ਹੈ, ਜੋ ਸਭ ਤੋਂ ਲੰਮਾਂ ਸਮਾਂ ਗਵਰਨਰ ਰੂਲ (ਰਾਸ਼ਟਰਪਤੀ ਰਾਜ) ਹੇਠਾਂ ਰਿਹਾ ਤੇ ਇਹ ਬੜੀ ਬਦਕਿਸਮਤੀ ਵਾਲੀ ਗੱਲ ਹੋਵੇਗੀ ਕਿ 92 ਸੀਟਾਂ ਜਿੱਤਣ ਵਾਲੀ ਪਾਰਟੀ ਖੁਦ ਸੰਵਿਧਾਨਕ ਅੜਿੱਕਾ ਖੜਾ ਕਰਕੇ ਸੂਬੇ ਨੂੰ ਫਿਰ ਰਾਸ਼ਟਰਪਤੀ ਰਾਜ ਵੱਲ ਧੱਕੇ, ਜੋ ਕਦਾਚਿਤ ਪੰਜਾਬ ਦੇ ਹਿੱਤ ਵਿੱਚ ਨਹੀਂ ਹੋਵੇਗਾ।

ਸਰਕਾਰੀ ਪ੍ਰਾਇਮਰੀ ਸਕੂਲ ਰਾਏਸਰ 'ਚ ਸਾਲਾਨਾ ਇਨਾਮ ਵੰਡ ਸਮਾਗਮ

ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਸਰਕਾਰੀ ਪ੍ਰਾਇਮਰੀ ਸਕੂਲ ਰਾਏਸਰ ਪਟਿਆਲਾ ਵਿਖੇ ਸੰਸਥਾ ਤੇ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਲਈ ਸੁਖਮਨੀ ਸਾਹਿਬ ਜੀ ਦਾ ਪਾਠ ਕਰਾਇਆ ਗਿਆ। ਰਾਗੀ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਨਵੀਂ ਉਸਾਰੀ ਇਮਾਰਤ ਦਾ ਉਦਘਾਟਨ ਹਲਕਾ ਵਿਧਾਇਕ ਦੇ ਨਿੱਜੀ ਸਕੱਤਰ ਬਿੰਦਰ ਸਿੰਘ ਖਾਲਸਾ ਵੱਲੋਂ ਕੀਤਾ ਗਿਆ। ਇਸ ਉਪਰੰਤ ਹੋਏ ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਵੱਖ-ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਿੱਖਿਆ ਸੁਧਾਰ ਟੀਮ ਦੇ ਇੰਚਾਰਜ ਬਰਜਿੰਦਰ ਪਾਲ ਸਿੰਘ, ਸ੍ਰੀ ਰਾਜੇਸ ਗੋਇਲ, ਮਹਿੰਦਰ ਪਾਲ, ਬੀਬੀ ਰਾਜਵਿੰਦਰ ਕੌਰ, ਗੁਰਬਾਜ ਸਿੰਘ ਵਿਰਕ, ਗੁਰਮੀਤ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦਿੰਦਿਆਂ ਇਨਾਮ ਵੰਡੇ।

ਬਚਿੱਤਰ ਸਿੰਘ ਧਾਲੀਵਾਲ, ਸ੍ਰੀ ਸੁਖਪਾਲ ਜੇਠੀ ਵੱਲੋਂ ਆਪਣੇ ਸਵ: ਮਾਤਾ-ਪਿਤਾ ਜੀ ਦੀ ਯਾਦ ਵਿੱਚ ਹਰੇਕ ਕਲਾਸ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀ ਨੂੰ ਨਕਦ ਸਕਾਲਰਸ਼ਿਪ ਤੇ ਯਾਦਗਾਰੀ ਟਰਾਫ਼ੀਆਂ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਸਕੂਲੀ ਵਿਦਿਆਰਥੀਆਂ ਨੇ ਵੱਖ-ਵੱਖ ਪੇਸਕਾਰੀਆਂ ਕੋਰੀਓਗ੍ਰਾਫ਼ੀ, ਗਿੱਧਾ, ਭੰਗੜਾ ਤੇ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ। ਸਕੂਲ ਮੁਖੀ ਨਿਰਵੈਰ ਸਿੰਘ ਨੇ ਆਏ ਮਹਿਮਾਨਾਂ ਦਾ ਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਪੰਚਾਇਤੀ ਮੈਰਿਜ ਪੈਲੇਸ ਨਿੱਜੀ ਮੈਰਿਜ ਪੈਲੇਸਾਂ ਨੂੰ ਮਾਤ ਪਾਏਗਾ : ਸਰਪੰਚ

ਮਮਦੋਟ (ਹਰਪਾਲ ਸਿੰਘ ਸੋਢੀ)- ਪਿੰਡਾਂ ਦੇ ਸਰਪੰਚਾਂ ਨੂੰ ਪਿੰਡ ਦੀਆਂ ਗਲੀਆਂ-ਨਾਲੀਆਂ ਬਣਵਾਉਣ ਦੇ ਨਾਲ-ਨਾਲ ਪਿੰਡਾਂ ਵਿੱਚ ਅਜਿਹੇ ਵਿਕਾਸ ਵੀ ਕਰਾਉਣੇ ਚਾਹੀਦੇ ਹਨ, ਜਿਸ ਦਾ ਪਿੰਡ ਵਾਸੀਆਂ ਨੂੰ ਲੰਮਾ ਸਮਾਂ ਫ਼ਾਇਦਾ ਮਿਲਦਾ ਰਹੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਸਰਪੰਚ ਯੂਨੀਅਨ ਦੇ ਕੋਰ ਕਮੇਟੀ ਮੈਂਬਰ ਤੇ ਜ਼ਿਲ੍ਹਾ ਉਪ ਪ੍ਰਧਾਨ ਤੇ ਸਰਪੰਚ ਯੂਨੀਅਨ ਦੇ ਬਲਾਕ ਪ੍ਰਧਾਨ ਸਾਰਜ ਸਿੰਘ ਸਰਪੰਚ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪਿੰਡ ਝੋਕ ਟਹਿਲ ਸਿੰਘ ਵਾਲਾ ਵਿਖੇ ਗਲੀਆਂ, ਨਾਲੀਆਂ ਅਤੇ ਛੱਪੜਾਂ ਦੀ ਮੁਰੰਮਤ ਦੇ ਨਾਲ-ਨਾਲ ਪਿੰਡ ਵਿੱਚ ਅਜਿਹੇ ਵਿਕਾਸ ਵੀ ਕਰਾਏ ਜਾ ਰਹੇ ਹਨ, ਜਿਸ ਦਾ ਪਿੰਡ ਵਾਸੀਆਂ ਤੇ ਆਸ-ਪਾਸ ਦੇ ਪਿੰਡਾਂ ਨੂੰ ਸਹੂਲਤ ਅਤੇ ਫ਼ਾਇਦਾ ਮਿਲ ਸਕੇ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਕਰੀਬ 30 ਲੱਖ ਦੀ ਲਾਗਤ ਨਾਲ ਬਣਨ ਵਾਲੇ ਪੰਚਾਇਤੀ ਮੈਰਿਜ ਪੈਲੇਸ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਏ.ਸੀ, ਪਾਰਕਿੰਗ ਆਦਿ ਸਹੂਲਤਾਂ ਨਾਲ ਲੈਸ ਇਹ ਮੈਰਿਜ ਪੈਲੇਸ ਨੂੰ ਜਲਦੀ ਤਿਆਰ ਕਰਾ ਕੇ ਪਿੰਡ ਦੀ ਪੰਚਾਇਤ ਨੂੰ ਸੌਂਪ ਦਿੱਤਾ ਜਾਵੇਗਾ। ਜਿੱਥੇ ਪਿੰਡ ਵਾਸੀ ਤੇ ਨੇੜੇ ਦੇ ਪਿੰਡਾਂ ਦੇ ਲੋਕ ਆਪਣੀ ਜ਼ਰੂਰਤ ਅਨੁਸਾਰ ਇਸ ਦੀ ਵਰਤੋਂ ਕਰ ਸਕਣਗੇ। ਇਸ ਨਾਲ ਲੋੜਵੰਦਾਂ ਦੇ ਹਜ਼ਾਰਾਂ ਰੁਪਏ ਵੀ ਬਚਣਗੇ। ਇਸ ਮੌਕੇ ਉਨ੍ਹਾਂ ਨਾਲ ਅਮਰੀਕ ਸਿੰਘ ਨੰਬਰਦਾਰ ਸਿੰਘ, ਜਗਤਾਰ ਸਿੰਘ ਸੰਧੂ, ਸੀਰਾਂ ਪੰਚ, ਸਫ਼ੀਆ ਪੰਚ, ਬੇਅੰਤ ਸਿੰਘ ਪੰਚ, ਕਸ਼ਮੀਰ ਸਿੰਘ ਪੰਚ ਤੇ ਪਿੰਡ ਵਾਸੀ ਹਾਜ਼ਰ ਸਨ।

ਪੀ ਆਰ ਟੀ ਸੀ ਪੈਨਸ਼ਨਰਾਂ ਦੀ ਰੁਕੀ ਪੈਨਸ਼ਨ ਤੇ ਬਕਾਇਆਂ ਨੂੰ ਲੈ ਕੇ ਭਰਵਾਂ ਇਕੱਠ

ਪਟਿਆਲਾ : ਅੱਜ ਪਟਿਆਲਾ ਬੱਸ ਸਟੈਂਡ 'ਤੇ ਪੀ ਆਰ ਟੀ ਸੀ ਪੈਨਸ਼ਨਰਾਂ ਦੀ ਮਾਸਿਕ ਮੀਟਿੰਗ ਦੇ ਇਕੱਠ ਨੇ ਸਾਰੇ ਪੁਰਾਣੇ ਰਿਕਾਰਡ ਤੋੜੇ ਜਿਸ ਵਿੱਚ ਲੇਟ ਹੋਈ ਪੈਨਸ਼ਨ ਤੇ ਬਕਾਇਆਂ ਨੂੰ ਲੈ ਕੇ ਪੈਨਸ਼ਨਰਾਂ ਨੇ ਅਸਮਾਨ ਗੂੰਜਾਊ ਨਾਅਰਿਆਂ ਨਾਲ ਪੂਰੀ ਭੜਾਸ ਕੱਢੀ। ਪੂਰੇ ਪੰਜਾਬ ਦੇ ਕੋਨੇ ਕੋਨੇ 'ਚੋਂ ਤੇ ਹਰਿਆਣੇ ਤੋਂ ਆਏ ਬਜ਼ੁਰਗ ਪੈਨਸ਼ਨਰਾਂ ਵਿੱਚ ਪੂਰਾ ਰੋਹ ਸੀ। ਹਰ ਬੁਲਾਰੇ ਨੇ ਪੈਨਸ਼ਨ ਸਮੇਂ ਸਿਰ ਨਾ ਮਿਲਣ ਅਤੇ ਬਕਾਇਆਂ ਨੂੰ ਲੈ ਕੇ ਮੈਨੇਜਮੈਂਟ ਦੇ ਢਿੱਲੇ ਵਤੀਰੇ ਦੀ ਨਿਖੇਧੀ ਕੀਤੀ। ਯਾਦ ਰਹੇ ਕਿ ਦਸੰਬਰ 2022 ਦੀ 20 ਪ੍ਰਤੀਸ਼ਤ ਤੇ ਜਨਵਰੀ 2023 ਦੀ ਪੂਰੀ ਪੈਨਸ਼ਨ ਰਹਿੰਦੀ ਹੈ। ਪੇ ਕਮਿਸ਼ਨ, ਪੇ ਬੈਂਡ, ਮੈਡੀਕਲ ਬਿੱਲਾਂ ਦੀ ਅਦਾਇਗੀ ਅਤੇ ਨਵੇਂ ਰਿਟਾਇਰੀਆਂ ਦੇ ਬਕਾਇਆਂ ਦੀ ਅਦਾਇਗੀ ਨੂੰ ਲੈ ਕੇ ਪੈਨਸ਼ਨਰਾਂ ਵਿੱਚ ਪੂਰਾ ਗੁੱਸਾ ਸੀ। ਗਰੀਬੀ ਤੇ ਦਵਾਈਆਂ ਦੇ ਪੈਸੇ ਨਾ ਮਿਲਣ ਤੋਂ ਤੰਗ ਆਏ ਇੱਕ ਅਪਹਾਜ ਪੈਨਸ਼ਨਰ ਨੇ ਤਾਂ ਮੁੱਖ ਦਫਤਰ ਵਿੱਚ ਆ ਕੇ ਆਤਮਦਾਹ ਦੀ ਧਮਕੀ ਵੀ ਦੇ ਦਿੱਤੀ। ਰੈਲੀ ਰੂਪੀ ਤੇ ਰੋਹ ਭਰੀ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੀ ਆਰ ਟੀ ਸੀ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਪਿਛਲੇ ਦਿਨੀ ਐਮ ਡੀ ਪੀ ਆਰ ਟੀ ਸੀ ਨਾਲ ਹੋਈ ਮੀਟਿੰਗ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਐਮ ਡੀ ਸਾਹਿਬ ਨੇ ਵਿਸ਼ਵਾਸ ਦਿਵਾਇਆ ਹੈ ਕਿ ਸਰਕਾਰ ਵੱਲੋਂ 35 ਕਰੋੜ ਰੁਪਿਆ ਮਨਜ਼ੂਰ ਹੋ ਚੁੱਕਾ ਹੈ ਤੇ ਹਫਤੇ ਦੇ ਅੰਦਰ ਅੰਦਰ ਪੈਸਾ ਆਉਂਦਿਆਂ ਹੀ ਦਸੰਬਰ 2022 ਦੀ 20 ਪ੍ਰਤੀਸ਼ਤ ਤੇ ਜਨਵਰੀ ਦੀ ਪੂਰੀ ਪੈਨਸ਼ਨ ਪਾ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਬਜਟ ਬਾਰੇ ਐਮ ਡੀ ਨੇ ਦੱਸਿਆ ਕਿ ਬਜਟ ਵਿੱਚ 300 ਕਰੋੜ ਰੁਪਿਆ ਰੱਖਿਆ ਗਿਆ ਹੈ ਜਿਸ ਨਾਲ ਰਹਿੰਦੇ ਸਾਰੇ ਬਕਾਇਆਂ ਦੀ ਅਦਾਇਗੀ ਹੋ ਜਾਵੇਗੀ। ਉਨ੍ਹਾਂ ਨੇ ਪੈਨਸ਼ਨਰਾਂ ਨੂੰ ਏਕਾ ਬਣਾਈ ਰੱਖਣ 'ਤੇ ਜ਼ੋਰ ਦਿੱਤਾ। ਇਸੇ ਮੀਟਿੰਗ ਦੌਰਾਨ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਵੱਲੋਂ ਆਏ ਮੋਬਾਇਲ ਦਾ ਹਵਾਲਾ ਦਿੰਦਿਆਂ ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਦੱਸਿਆ

16-Feb-PAGE-3.qxd 2/15/2023 11:06 PM Page 1

ਨਿੱਤ ਹੋ ਰਹੀਆਂ ਚੋਰੀਆਂ ਕਾਰਨ ਸ਼ਹਿਰ 'ਚ ਦਹਿਸ਼ਤ ਦਾ ਮਾਹੌਲ

ਗੁਰਦਾਸਪੁਰ (ਜਨਕ ਮਹਾਜਨ)

ਸ਼ਹਿਰ ਦੇ ਘਰਾਂ ਵਿੱਚ ਲਗਾਤਾਰ ਹੋ ਰਹੀਆਂ ਚੋਰੀਆਂ ਅਤੇ ਬਾਈਕ ਚੋਰੀ ਦੀਆਂ ਘਟਨਾਵਾਂ ਕਾਰਨ ਸ਼ਹਿਰ ਵਾਸੀ ਦਹਿਸ਼ਤ ਦੇ ਮਾਹੌਲ ਵਿੱਚ ਹਨ। ਚੈਂਬਰ ਆਫ਼ ਕਾਮਰਸ ਵੱਲੋਂ ਇਨ੍ਹਾਂ ਵਾਰਦਾਤਾਂ ਤੇ ਚਿੰਤਾ ਜਤਾਉਂਦਿਆਂ ਇਸ ਸਬੰਧ ਵਿੱਚ ਐੱਸਐੱਪੀ ਗੁਰਦਾਸਪੁਰ ਦੀਪਕ ਹਿਲੋਰੀ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਮੰਗ ਕੀਤੀ ਗਈ ਕਿ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਪੁਲਸ ਨੀਂਦ ਤੋਂ ਜਾਗੇ। ਐੱਸਐੱਪੀ ਨਾਲ ਮੁਲਾਕਾਤ ਕਰਨ ਮਗਰੋਂ ਚੈਂਬਰ ਆਫ਼ ਕਾਮਰਸ ਦੇ ਅਹੁਦੇਦਾਰਾਂ ਦੱਸਿਆ ਕਿ ਸ਼ਹਿਰ ਵਿੱਚ ਵੱਧ ਰਹੀਆਂ ਚੋਰੀਆਂ ਅਤੇ ਬਾਈਕ ਚੋਰੀ ਦੀਆਂ ਵਾਰਦਾਤਾਂ ਕਾਰਨ ਸ਼ਹਿਰ ਦੇ ਲੋਕਾਂ ਖ਼ਾਸ ਕਰ ਵਪਾਰੀਆਂ ਵਿੱਚ ਸਹਿਮ ਦਾ ਮਾਹੌਲ ਹੈ। ਸ਼ਹਿਰ ਦੇ ਕਈ ਵਪਾਰੀਆਂ ਦੀਆਂ ਦੁਕਾਨਾਂ ਵਿਚ ਚੋਰੀਆਂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਜੀਟੀ ਰੋਡ ਦੇ ਇਕ ਦੁਕਾਨਦਾਰ ਦੀ ਦੁਕਾਨ ਵਿੱਚੋਂ ਟਾਇਰਾਂ ਦੀ ਚੋਰੀ, ਦਾਣਾ ਮੰਡੀ ਗੁਰਦਾਸਪੁਰ ਦੇ ਇਕ ਦੁਕਾਨਦਾਰ ਸੰਜੀਵ ਮਹਾਜਨ ਦੀ ਦੁਕਾਨ ਵਿਚ ਸਤੰਬਰ ਮਹੀਨੇ ਵਿਚ ਚੋਰੀ ਪ੍ਰਮੁੱਖ ਹੈ ਜਿਨ੍ਹਾਂ ਦਾ ਕਈ ਵੀ ਸੁਰਾਗ ਪੁਲਸ ਅਜੇ ਤੱਕ ਨਹੀਂ ਲਗਾ ਸਕੀ। ਉਸ ਤੋਂ ਬਾਅਦ ਅਨਮੋਲ ਸ਼ਰਮਾ ਨਾਮਕ ਇੱਕ ਸ਼ਹਿਰ ਦੇ ਪ੍ਰਮੁੱਖ ਵਪਾਰੀ ਦੇ ਕਰਿੰਦੇ ਨੂੰ ਜ਼ਖ਼ਮੀ ਕਰਕੇ ਬੱਬੇਹਾਲੀ ਸਟੇਡੀਅਮ ਦੇ ਨੇੜੇ ਝਪਟਮਾਰ ਉਸ ਕੋਲੋਂ ਬਾਈਕ ਖੋਹ ਕੇ ਲੈ ਗਏ ਸਨ। ਇੱਕ ਪੱਤਰਕਾਰ ਅਸ਼ੋਕ ਕੁਮਾਰ ਦੀ ਪ੍ਰੈਸ

ਦੇ ਦਫ਼ਤਰ ਦੇ ਬਾਹਰੋਂ ਬੀਤੀ 12 ਜਨਵਰੀ ਨੂੰ ਬਾਈਕ ਚੁੱਕਣ ਤੋਂ ਬਾਅਦ ਪ੍ਰੈੱਸ ਕਲੱਬ ਦੇ ਪ੍ਰਧਾਨ ਕੇ. ਪੀ. ਸਿੰਘ ਦੇ ਘਰ 26-27 ਜਨਵਰੀ ਦੀ ਰਾਤ ਚੋਰਾਂ ਵੱਲੋਂ ਨਗਦੀ ਅਤੇ ਸੋਨਾ ਚੋਰੀ ਕੀਤਾ ਗਿਆ। ਕੁਝ ਦਿਨ ਪਹਿਲਾਂ ਹੀ ਇੱਕ ਮੁੱਖ ਪਾਰਕ ਫਿਸ਼ ਪਾਰਕ ਦੇ ਬਾਹਰੋਂ ਚੈਂਬਰ ਆਫ਼ ਕਾਮਰਸ ਦੇ ਇੱਕ ਅਹੁਦੇਦਾਰ ਦੀ ਐਕਟਿਵਾ ਚੋਰ ਚੋਰੀ ਕਰਕੇ ਲੈ ਗਏ ਹਨ। ਇਸ ਤੋਂ ਪਹਿਲਾਂ ਸਦਰ ਬਾਜ਼ਾਰ ਦੇ ਇੱਕ ਕਬਾੜ ਦਾ ਕੰਮ ਕਰਨ ਵਾਲੇ ਵਪਾਰੀ ਦੀ ਵੀ ਮੋਟਰਸਾਈਕਲ ਚੋਰੀ ਹੋ ਚੁੱਕੀ ਹੈ। ਤਾਜ਼ਾ ਘਟਨਾ ਵਿਚ ਇਸਲਾਮਾਬਾਦ ਮਹੱਲੇ ਦੇ ਇੱਕੋ ਘਰ ਵਿਚ ਚੋਰਾਂ ਨੇ ਘਾਤ ਲਗਾ ਕੇ ਚੋਰੀ ਕੀਤੀ ਹੈ ਜਦਕਿ ਘਰ ਦਾ ਮਾਲਕ ਕੁਝ ਦਿਨਾਂ ਲਈ ਬਾਹਰ ਗਿਆ ਹੋਇਆ ਹੈ। ਇਨ੍ਹਾਂ ਸਾਰੀਆਂ ਘਟਨਾਵਾਂ ਨਾਲ ਸ਼ਹਿਰ ਦੇ ਲੋਕਾਂ ਅਤੇ ਵਪਾਰੀਆਂ ਵਿੱਚ ਸਹਿਮ ਦਾ ਮਾਹੌਲ ਹੈ। ਚੋਰਾਂ ਦੇ ਹੌਸਲੇ ਬੁਲੰਦ ਹਨ ਅਤੇ ਪੁਲਸ ਕਿਸੇ ਵੀ ਚੋਰੀ ਦੀ ਘਟਨਾ ਨੂੰ ਹੱਲ ਨਹੀਂ ਕਰ ਸਕੀ। ਚੈਂਬਰ ਆਫ਼ ਕਾਮਰਸ ਦੇ ਅਹੁਦੇਦਾਰਾਂ ਨੇ ਐੱਸਐੱਸਪੀ ਨੂੰ ਮਿਲ ਕੇ ਅਪੀਲ ਕੀਤੀ ਹੈ ਕਿ ਸ਼ਹਿਰ ਵਿਚ ਰਾਤ ਨੂੰ ਪੁਲਸ ਕਰਮਚਾਰੀਆਂ ਦੀ ਗਸ਼ਤ ਵਧਾਈ ਜਾਵੇ ਅਤੇ ਰਾਤ ਵੇਲੇ ਪੁਲਸ ਕਰਮਚਾਰੀਆਂ ਨੂੰ ਸੁਚੇਤ ਰਹਿਣ ਦੀ ਹਿਦਾਇਤ ਦਿੱਤੀ ਜਾਵੇ। ਐੱਸਐੱਸਪੀ ਦੀਪਕ ਹਿਲੋਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸ਼ਹਿਰ ਵਿਚ ਪੁਲਸ ਕਰਮਚਾਰੀਆਂ ਦੀ ਗਸ਼ਤ ਵਧਾਈ ਜਾਵੇਗੀ ਅਤੇ ਜਲਦੀ ਹੀ ਸਾਰੀਆਂ ਚੋਰੀ ਦੀਆ ਵਾਰਦਾਤਾਂ ਨੂੰ ਸੁਲਝਾ ਲਿਆ ਜਾਵੇਗਾ। ਇਸ ਮੌਕੇ ਅਨੂ ਗੰਡੋਤਰਾ, ਵਿਕਾਸ ਮਹਾਜਨ, ਵਿਸ਼ਾਲ ਮਹਾਜਨ, ਰਿਕੂ ਮਹਾਜਨ, ਅਨਮੋਲ ਸ਼ਰਮਾ, ਵਿਨੇ ਮਹਾਜਨ ਅਤੇ ਭਰਤ ਗਾਬਾ ਆਦਿ ਵੀ ਹਾਜ਼ਰ ਸਨ।

ਰਾਏਪੁਰ ਨਿਵਾਸੀਆਂ ਵੱਲੋਂ ਪੀ ਜੀ ਆਈ. ਬੱਸ ਸੇਵਾ ਲਈ 35 ਹਜ਼ਾਰ ਦੀ ਰਾਸ਼ੀ ਭੇਟ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਪਿੰਡ ਰਾਏਪੁਰ ਦੇ ਨਿਵਾਸੀਆਂ ਵੱਲੋਂ ਮੁਫ਼ਤ ਪੀ.ਜੀ.ਆਈ. ਬੱਸ ਸੇਵਾ ਲਈ ਪਿੰਡ 'ਚੋਂ ਇਕੱਤਰ ਕੀਤੀ ਗਈ 35 ਹਜ਼ਾਰ 330 ਰੁਪਏ ਦੀ ਰਾਸ਼ੀ ਸ੍ਰੀ ਗੁਰੂ ਰਾਮ ਦਾਸ ਸਮਾਜ ਸੇਵਾ, ਸਪੋਰਟਸ, ਕਲਚਰਲ ਤੇ ਵੈੱਲਫ਼ੇਅਰ ਸੋਸਾਇਟੀ ਨੂਰਪੁਰਬੇਦੀ ਦੇ ਮੈਂਬਰਾਂ ਨੂੰ ਪ੍ਰਦਾਨ ਕੀਤੀ ਗਈ। ਸੋਸਾਇਟੀ ਦੇ ਮੈਂਬਰਾਂ ਨੇ ਸਮੂਹ ਪਿੰਡ ਵਾਸੀਆਂ ਦਾ ਉਕਤ ਨੇਕ ਕਾਰਜ ਹਿੱਤ ਰਾਸ਼ੀ ਦਾਨ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਮੱਖਣ ਸਿੰਘ ਬੈਂਸ, ਮਾ. ਕੇਸਰ ਸਿੰਘ, ਦਵਿੰਦਰ ਸਿੰਘ, ਸਰਪੰਚ ਬਿਕਰਮ ਸਿੰਘ, ਪ੍ਰੀਤਮ ਸਿੰਘ, ਸੁਰਿੰਦਰ ਸਿੰਘ, ਕੁਲਦੀਪ ਸਿੰਘ, ਹਰਪਾਲ ਸਿੰਘ, ਸੋਹਣ ਸਿੰਘ, ਪਾਲੀ ਰਾਏਪੁਰ, ਲਾਡੀ ਤੇ ਲਖਵੀਰ ਸਿੰਘ ਫੌਜੀ ਸਹਿਤ ਹੋਰ ਪਿੰਡ ਵਾਸੀ ਹਾਜ਼ਰ ਸਨ।

ਡੀ ਟੀ ਐੱਫ ਵੱਲੋਂ ਮੁਲਾਜ਼ਮ-ਪੈਨਸ਼ਨਰ ਰੈਲੀ 'ਚ ਭਰਵੀਂ ਸ਼ਮੂਲੀਅਤ ਦਾ ਫੈਸਲਾ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਡੈਮੋਕ੍ਰੇਟਿਕ ਟੀਚਰਜ਼ ਫਰੰਟ ਤਰਨਤਾਰਨ ਦੀ ਅਹਿਮ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨਤਾਰਨ ਵਿਖੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ , ਸਰਪ੍ਰਸਤ ਨਛੱਤਰ ਸਿੰਘ, ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਚੱਕ ਮਹਿਰ, ਜਨਰਲ ਸਕੱਤਰ ਕਸ਼ਮੀਰ ਸਿੰਘ ਚੋਹਲਾ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਏ ਜਾ ਰਹੇ ਨਾਕਾਰਾਤਮਕ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਪੰਜਾਬ-ਯੂਟੀ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 19 ਫਰਵਰੀ ਨੂੰ ਚੰਡੀਗੜ੍ਹ ਵਿਖੇ ਐਲਾਨੀ ਸੂਬਾ ਪੱਧਰੀ ਮਹਾਂ ਰੈਲੀ ਵਿੱਚ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਵਿੱਤ ਸਕੱਤਰ ਅਮਰਦੀਪ ਸ਼ਰਮਾ ਅਤੇ ਮੀਤ ਪ੍ਰਧਾਨ ਸਰਬਜੀਤ ਸਿੰਘ ਕਾਜ਼ੀਕੋਟ ਦੱਸਿਆ ਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਮਾਣ ਭੱਤੇ 'ਤੇ ਕੰਮ ਕਰਦੇ ਵੱਡੇ ਗਿਣਤੀ 'ਚ ਕਾਮੇ ਸਰਕਾਰੀ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਸੇ ਤਰ੍ਹਾਂ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਕੱਚੇ ਕਰਮਚਾਰੀਆਂ ਨੂੰ ਸਾਲਾਂਬੱਧੀ ਕੱਚਿਆਂ ਨੂੰ ਰੱਖ ਕੇ ਪੱਕੇ ਕਰਨ ਦੇ ਝੂਠੇ ਇਸ਼ਤਿਹਾਰਾਂ ਰਾਹੀਂ ਮਾਨਸਿਕ ਤੌਰ 'ਤੇ ਜ਼ਲੀਲ ਕੀਤਾ ਜਾ ਰਿਹਾ ਹੈ ਅਤੇ ਅਜੇ ਤੱਕ ਢੇਰ ਸਾਰੀਆਂ ਮੁਲਾਜ਼ਮ/ਪੈਨਸ਼ਨਰ ਮੰਗਾਂ ਜਿਉਂ ਦੀਆਂ ਤਿਉਂ ਮੂੰਹ ਅੱਡੀ ਖੜ੍ਹੀਆਂ ਹਨ ਜਿਨ੍ਹਾਂ ਦੇ ਹੱਲ ਲਈ ਤਿੱਖਾ ਸੰਘਰਸ਼

ਜਾਰੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਝਬਾਲ, ਜੁਗਰਾਜ ਸਿੰਘ ਧਾਰੀਵਾਲ , ਗੁਰਪ੍ਰੀਤ ਚੋਪੜਾ, ਮਨਜਿੰਦਰ ਸਿੰਘ, ਗਗਨਦੀਪ ਕੱਕੜ, ਅਨਿਸ ਸੂਦ, ਬਲਜਿੰਦਰ ਸਿੰਘ ਭੁੱਚਰ, ਬਲਜਿੰਦਰ ਸਿੰਘ ਦੁੱਗਲ ਵਾਲਾ, ਰਾਜਵਿੰਦਰ ਕੌਰ ਲੋਹਕਾ, ਬਲਵਿੰਦਰ ਕੌਰ, ਪ੍ਰਭਜੀਤ ਕੌਰ, ਰਾਜ ਕੌਰ, ਜਸਕੀਰਤ ਸਿੰਘ ਪਹੂਵਿੰਡ, ਨਰਿੰਦਰ ਸਿੰਘ, ਪ੍ਰਿਸ਼ਦੀਪ ਸਿੰਘ, ਗੁਰਪ੍ਰੀਤ ਸਿੰਘ ਭੂਰੇ ਗਿੱਲ, ਕਰਨਦੀਪ ਸਿੰਘ ਭੁਪਿੰਦਰ ਸਿੰਘ ਨਾਗੀ ਆਦਿ ਹਾਜ਼ਰ ਸਨ।

ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਮੋਰਚੇ 'ਚ ਸ਼ਾਮਲ ਹੋਣ ਲਈ ਜਥਾ ਰਵਾਨਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)

ਬੰਦੀ ਸਿੰਘਾਂ ਦੀ ਰਿਹਾਈ ਲਈ ਮੋਹਾਲੀ 'ਚ ਲੱਗੇ ਕੌਮੀ ਇਨਸਾਫ ਮੋਰਚੇ 'ਚ ਸ਼ਮੂਲੀਅਤ ਲਈ ਵਿਧਾਨ ਸਭਾ ਹਲਕਾ

ਖੇਮਕਰਨ ਤੋਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕੁੰਵਰ ਚੜ੍ਹਤ ਸਿੰਘ ਗਿੱਲ ਦੀ ਅਗਵਾਈ ਹੇਠ ਜਥਾ ਰਵਾਨਾ ਕੀਤਾ ਗਿਆ। ਵਰਣਨਯੋਗ ਹੈ ਕਿ ਕੌਮੀ ਇਨਸਾਫ ਮੋਰਚੇ ਲਈ ਚਾਲੇ ਪਾਉਣ ਤੋਂ ਪਹਿਲਾਂ ਜਥੇਬੰਦੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਰਖਾਏ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਆਈਆਂ ਗਈਆਂ ਸੰਗਤਾਂ ਦਾ ਜਥੇਬੰਦੀ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਬੋਲਦਿਆਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕੁੰਵਰ ਚੜ੍ਹਤ ਸਿੰਘ ਗਿੱਲ ਨੇ ਕਿਹਾ ਕਿ ਅੱਜ ਸਾਡੇ ਦੇਸ਼ ਵਿੱਚ ਕਾਨੂੰਨ ਗਰੀਬਾਂ ਵਾਸਤੇ ਲੋਹੇ ਦੀ ਲੱਠ ਅਤੇ ਅਮੀਰਾਂ ਵਾਸਤੇ ਮੋਮ ਦਾ ਨੱਕ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬੰਦੀ ਸਿੰਘ ਜੋ ਆਪਣੇ ਹਿੱਸੇ ਦੀਆਂ ਸਜ਼ਾਵਾਂ ਭੁਗਤ ਚੁੱਕੇ ਹਨ, ਨੂੰ ਗੈਰ-ਕਾਨੂੰਨੀ ਢੰਗ ਨਾਲ ਜੇਲ੍ਹਾਂ ਅੰਦਰ ਡੱਕਣਾ ਲੋਕਤੰਤਰ ਦਾ ਘਾਣ ਹੈ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਕੈਦੀਆਂ ਨੂੰ ਕੋਈ ਅਪਰਾਧਿਕ ਸਜ਼ਾ ਮਿਲਦੀ ਹੈ ਤਾਂ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾਂਦਾ। ਇਸ ਮੌਕੇ ਉਨ੍ਹਾਂ ਆਈਆਂ ਹੋਈਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਬੰਦੀ ਸਿੰਘਾਂ ਦੀ ਰਿਹਾਈ ਲਈ ਲਾਏ ਕੌਮੀ ਇਨਸਾਫ ਮੋਰਚੇ 'ਚ ਡਟ ਕੇ ਸਹਿਯੋਗ ਦੇਣ। ਇਸ ਮੌਕੇ ਰਸਾਲ ਸਿੰਘ, ਕਰਤਾਰ ਸਿੰਘ, ਸਰਬਜੀਤ ਸਿੰਘ ਖੰਨਾ, ਬਾਬਾ ਸੁਖਦੇਵ ਸਿੰਘ, ਬੇਅੰਤ ਸਿੰਘ, ਗੁਰਪ੍ਰੀਤ ਸਿੰਘ ਨੰਬਰਦਾਰ, ਡਾ. ਜਰਨੈਲ ਸਿੰਘ, ਗੁਰਸਾਹਿਬ ਸਿੰਘ ਮੱਲ੍ਹੀ, ਹਰਪਾਲ ਸਿੰਘ, ਸੁੱਖ ਸਿੰਘ, ਪਰਮਿੰਦਰ ਸਿੰਘ, ਮਲਕੀਤ ਸਿੰਘ, ਦਰਸ਼ਨ ਸਿੰਘ, ਹਰਪਾਲ ਸਿੰਘ, ਰਸ਼ਪਾਲ ਸਿੰਘ, ਸਰੂਪ ਸਿੰਘ, ਸੁਖਪਾਲ ਸਿੰਘ, ਹਰਨੇਕ ਸਿੰਘ ਮੈਂਬਰ, ਮਨਦੀਪ ਸਿੰਘ, ਸੁਖਚੈਨ ਸਿੰਘ, ਜੁਗਰਾਜ ਸਿੰਘ, ਤਲਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਚੰਨਣ ਸਿੰਘ, ਪਲਵਿੰਦਰ ਸਿੰਘ, ਅਮਰਜੀਤ ਸਿੰਘ, ਧਰਮਵੀਰ ਸਿੰਘ, ਗੁਰਬੀਰ ਸਿੰਘ, ਲਖਵਿੰਦਰ ਸਿੰਘ, ਅਮਨਦੀਪ ਸਿੰਘ ਆਦਿ ਸੰਘਰਸ਼ਸ਼ੀਲ ਹਾਜ਼ਰ ਸਨ।

ਫਸਲਾਂ ਦੀ ਰਹਿੰਦ-ਖੂੰਹਦ ਨੂੰ ਮਿੱਟੀ 'ਚ ਮਿਲਾਉਣ ਕਿਸਾਨ : ਭੁਪਿੰਦਰ ਸਿੰਘ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)

ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਨਾ ਸਿਰਫ ਵਾਤਾਵਰਨ ਖਰਾਬ ਹੁੰਦਾ ਹੈ ਸਗੋਂ ਜ਼ਮੀਨ ਦੀ ਉਪਜਾਊ ਸਕਤੀ ਤੇ ਵੀ ਬਹੁਤ ਮਾੜਾ ਅਸਰ ਪੈਂਦਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਵਾਤਾਵਰਣ ਪ੍ਰੇਮੀਆਂ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਪੈਦਾ ਕੀਤੀ ਜਾ ਰਹੀ ਚੇਤਨਾ ਸਦਕਾ ਉੱਦਮੀ ਕਿਸਾਨ ਸਾਰਥਿਕ ਉਪਰਾਲੇ ਕਰ ਰਹੇ ਹਨ। ਉਦਮੀ ਕਿਸਾਨਾਂ ਵਿੱਚੋਂ ਬਲਾਕ ਪੱਟੀ ਦੇ ਪਿੰਡ ਘਰਿਆਲਾ ਦੇ ਜੈ ਦੇਵ ਤੇ ਗੁਲਜ਼ਾਰ ਸਿੰਘ ਵੀ ਅਜਿਹੇ ਕਿਸਾਨ ਹਨ ਜੋ ਸਰਫੇਸ ਤਕਨੀਕ ਦੁਆਰਾ ਕਣਕ ਦੇ ਬੀਜ ਦਾ ਸਿੱਧਾ ਛੱਟਾ ਝੋਨੇ, ਬਾਸਮਤੀ ਦੇ ਪਰਾਲੀ ਵਿਚ ਦੇ ਦਿੰਦੇ ਹਨ। ਛੱਟਾ ਦੇਣ ਉਪਰੰਤ ਪਰਾਲੀ ਨੂੰ ਖੇਤ ਵਿਚ ਇਕਸਾਰ ਖਿਲਾਰ ਦਿੰਦੇ ਹਨ। ਉਨ੍ਹਾਂ ਅਨੁਸਾਰ ਇਸ ਤਰ੍ਹਾਂ ਜਿੱਥੇ ਖੇਤ ਤਿਆਰੀ ਦਾ ਖਰਚਾ ਬੱਚ ਜਾਂਦਾ ਹੈ ਉੱਥੇ ਜ਼ਮੀਨ ਵਿੱਚ ਪਏ ਅਣਵਰਤੇ ਖੁਰਾਕੀ ਤੱਤ, ਨਮੀ ਅਤੇ ਮਿੱਤਰ ਜੀਵਾਂ ਦਾ ਵੀ ਨੁਕਸਾਨ ਹੋਣ ਤੋਂ ਬਚਾਅ ਹੋ ਜਾਂਦਾ ਹੈ। ਨਿਰੀਖਣ ਦੌਰਾਨ ਜੈ ਦੇਵ ਨੇ ਜਾਣਕਾਰੀ ਦਿੱਤੀ ਕਿ ਦੋ ਸਾਲ ਪਹਿਲਾਂ ਉਸਨੇ ਇਕ ਏਕੜ ਰਕਬੇ ਤੇ ਬਿਜਾਈ ਸ਼ੁਰੂ ਕੀਤੀ ਸੀ। ਇਸ ਦਾ ਵਧੀਆ ਨਤੀਜਾ ਮਿਲਣ ਤੇ ਹੁਣ ਪੂਰੇ ਚਾਰ ਏਕੜ ਵਿੱਚ ਹੀ ਸਿੱਧੀ ਬਿਜਾਈ ਕਰ ਰਿਹਾ ਹਾਂ। ਇਸ ਮੌਕੇ ਗੁਲਜਾਰ ਸਿੰਘ ਨੇ ਵੀ ਦੱਸਿਆ ਕਿ ਉਸ ਨੇ ਇਸ ਵਾਰ ਦੋ ਏਕੜ ਵਿੱਚ ਸਿੱਧਾ ਛੱਟਾ ਦਿੱਤਾ ਹੈ ਜਦ ਕਿ ਦੋ ਏਕੜ ਹੈਪੀ ਸੀਡਰ ,ਦੋ ਏਕੜ ਸੁਪਰ ਸੀਡਰ ਅਤੇ ਬਾਕੀ ਜੀਰੋ ਡਰਿੱਲ ਨਾਲ ਬਿਜਾਈ ਕੀਤੀ ਹੈ। ਇਨ੍ਹਾਂ ਤਕਨੀਕਾਂ ਦੇ ਨਤੀਜੇ ਵੇਖਣ ਉਪਰੰਤ ਭਵਿੱਖ ਵਿੱਚ ਲਾਹੇਵੰਦੀ ਤਕਨੀਕ ਹੇਠ ਰਕਬਾ ਵਧਾਇਆ ਜਾਵੇਗਾ। ਨਿਰੀਖਣ ਉਪਰੰਤ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ ਭੁਪਿੰਦਰ ਸਿੰਘ, ਸਰਕਲ ਇੰਚਾਰਜ ਰਜਿੰਦਰ ਕੁਮਾਰ ਏਈਓ, ਅਮਰਿੰਦਰ ਸਿੰਘ ਏਈਓ ਅਤੇ ਸਹਾਇਕ ਤਕਨੀਕੀ ਪ੍ਰਬੰਧਕ ਗੁਰਦੇਵ ਸਿੰਘ ਮਾਣਕਪੁਰਾ ਨੇ ਤਕਨੀਕੀ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਫਸਲ ਦੀ ਹਾਲਤ ਚੰਗੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਸਰਫੇਸ ਸੀਡਿੰਗ ਤਕਨੀਕ ਉਹਨਾਂ ਕਿਸਾਨਾਂ ਲਈ ਲਾਹੇਵੰਦ ਸਾਬਤ ਹੋਵੇਗੀ ਜੋ ਕਿਸੇ ਮਜਬੂਰੀ ਵੱਸ ਮਸੀਨਰੀ ਦੀ ਵਰਤੋਂ ਨਹੀਂ ਕਰ ਸਕਦੇ ਪਰ ਕੁਦਰਤੀ ਸੋਮਿਆਂ ਦੀ ਸਲਾਮਤੀ ਲਈ ਉੱਦਮ ਕਰਨਾ ਲੋਚਦੇ ਹਨ।

ਮਹਿਤਾਬ ਕੌਰ ਸੰਧੂ ਅਤੇ ਮਨਮੋਹਨ ਸਿੰਘ ਸੰਧੂ ਚੰਬਾ ਕਲਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਸਨਮਾਨਿਤ ਕੀਤਾ ਗਿਆ।

(ਫੋਟੋ ਤੇ ਵੇਰਵਾ: ਹਰਪ੍ਰੀਤ ਸਿੰਘ ਚੰਬਾ)

ਮਹਾਂਰਿਸ਼ੀ ਦਯਾਨੰਦ ਸਰਸਵਤੀ ਦੀ 200ਵੀਂ ਜਯੰਤੀ ਮਨਾਈ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਜੇਆਰਐੱਸ ਡੀਏਵੀ ਪਬਲਿਕ ਸਕੂਲ, ਝਬਾਲ ਵਿਖੇ ਮਹਾਂਰਿਸ਼ੀ ਦਯਾਨੰਦ ਸਰਸਵਤੀ ਦੀ 200ਵੀਂ ਜਯੰਤੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਤੇ ਸਕੂਲ ਮੁਖੀ ਕੁਸਮ ਸ਼ਰਮਾ ਨੇ ਸਟਾਫ ਮੈਂਬਰਾਂ ਰੰਜੂ ਸਚਦੇਵਾ, ਮਨਪ੍ਰੀਤ ਕੌਰ, ਸੋਨੀਆ ਸ਼ਰਮਾ, ਆਰਤੀ ਮਹਾਜਨ,

ਸੂਚੀ ਸੂਦ, ਪੂਜਾ

16-Feb-PAGE-4-2.qxd 2/15/2023 10:54 PM Page 1

ਨਵਾਂ ਜ਼ਮਾਨਾ
ਵੀਰਵਾਰ, 16 ਫਰਵਰੀ 2023

ਕਾਰਪੋਰੇਟੀਆਂ ਦਾ ਭਾਜਪਾ ਮੋਹ

ਚੋਣ ਸੁਧਾਰਾਂ ਲਈ ਕੰਮ ਕਰਨ ਵਾਲੀ ਸੰਸਥਾ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਦੀ ਰਿਪੋਰਟ ਮੁਤਾਬਕ ਵਿੱਤੀ ਸਾਲ 2021-22 ਵਿਚ ਭਾਜਪਾ ਨੂੰ ਚੰਦੇ ਦੇ ਰੂਪ ਵਿਚ 614 ਕਰੋੜ ਰੁਪਏ ਮਿਲੇ, ਜਦਕਿ ਕਾਂਗਰਸ 95 ਕਰੋੜ ਰੁਪਏ ਨਾਲ ਦੂਜੇ ਨੰਬਰ 'ਤੇ ਰਹੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੌਮੀ ਪਾਰਟੀਆਂ ਨੇ 20 ਹਜ਼ਾਰ ਰੁਪਏ ਤੋਂ ਉੱਪਰ ਦੇ 7141 ਚੰਦਿਆਂ ਵਜੋਂ 780.774 ਕਰੋੜ ਰੁਪਏ ਹਾਸਲ ਹੋਣ ਦੀ ਚੋਣ ਕਮਿਸ਼ਨ ਨੂੰ ਜਾਣਕਾਰੀ ਦਿੱਤੀ। ਭਾਜਪਾ ਨੂੰ 4957 ਚੰਦਿਆਂ ਤੋਂ 614.63 ਕਰੋੜ ਤੇ ਕਾਂਗਰਸ ਨੂੰ 1255 ਚੰਦਿਆਂ ਤੋਂ 95.46 ਕਰੋੜ ਮਿਲੇ। ਭਾਜਪਾ ਨੂੰ ਮਿਲਿਆ ਪੈਸਾ ਕਾਂਗਰਸ, ਐੱਨ ਸੀ ਪੀ, ਮਾਰਕਸੀ ਪਾਰਟੀ, ਐੱਨ ਪੀ ਈ ਪੀ ਤੇ ਤ੍ਰਿਣਮੂਲ ਕਾਂਗਰਸ ਨੂੰ ਮਿਲੇ ਪੈਸਿਆਂ ਨਾਲੋਂ ਤਿੰਨ ਗੁਣਾ ਵੱਧ ਹਨ। ਰਿਪੋਰਟ ਮੁਤਾਬਕ ਦਿੱਲੀ ਤੋਂ ਕੌਮੀ ਪਾਰਟੀਆਂ ਨੂੰ 395.85 ਕਰੋੜ, ਮਹਾਰਾਸ਼ਟਰ ਤੋਂ 105.35 ਕਰੋੜ ਤੇ ਗੁਜਰਾਤ ਤੋਂ 44.96 ਕਰੋੜ ਮਿਲੇ। ਕਾਰਪੋਰੇਟ ਤੇ ਹੋਰਨਾਂ ਵਪਾਰਕ ਖੇਤਰਾਂ ਨੇ ਕੌਮੀ ਪਾਰਟੀਆਂ ਨੂੰ 2551 ਚੰਦਿਆਂ ਦੇ ਰੂਪ ਵਿਚ 625.88 ਕਰੋੜ ਰੁਪਏ ਦਿੱਤੇ, ਜੋ ਕਿ ਕੁਲ ਚੰਦਿਆਂ ਦਾ 80.16 ਫੀਸਦੀ ਬਣਦੇ ਹਨ। ਨਿੱਜੀ ਤੌਰ 'ਤੇ 4506 ਵਿਅਕਤੀਆਂ ਨੇ 153.33 ਕਰੋੜ ਰੁਪਏ ਦਿੱਤੇ, ਜੋ ਕਿ 19.86 ਫੀਸਦੀ ਬਣਦੇ ਹਨ। ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਕਾਰਪੋਰੇਟ ਤੇ ਕਾਰੋਬਾਰੀ ਖੇਤਰਾਂ ਤੋਂ ਭਾਜਪਾ ਨੂੰ 2068 ਚੰਦਿਆਂ ਵਜੋਂ 548.81 ਕਰੋੜ ਰੁਪਏ ਮਿਲੇ ਤੇ 2876 ਲੋਕਾਂ ਨੇ ਉਸ ਨੂੰ 65.77 ਕਰੋੜ ਰੁਪਏ ਦਿੱਤੇ। ਕਾਂਗਰਸ ਨੂੰ ਕਾਰਪੋਰੇਟ ਤੇ ਕਾਰੋਬਾਰੀ ਖੇਤਰਾਂ ਤੋਂ 170 ਚੰਦਿਆਂ ਵਜੋਂ 54.57 ਕਰੋੜ ਰੁਪਏ ਤੇ 1085 ਲੋਕਾਂ ਤੋਂ 40.89 ਕਰੋੜ ਰੁਪਏ ਮਿਲੇ। ਬਾਕੀ ਸਾਰੀਆਂ ਕੌਮੀ ਪਾਰਟੀਆਂ ਨੂੰ ਕਾਰਪੋਰੇਟ ਚੰਦਾ 77.08 ਕਰੋੜ ਰੁਪਏ ਮਿਲਿਆ, ਜਦਕਿ ਭਾਜਪਾ ਨੂੰ ਇਸ ਤੋਂ ਸੱਤ ਗੁਣਾ ਵੱਧ 548.81 ਕਰੋੜ ਰੁਪਏ ਮਿਲਿਆ। ਪਰੁਡੈਂਟ ਇਲੈਕਟੋਰਲ ਟਰੱਸਟ ਸਭ ਤੋਂ ਅਮੀਰ ਚੋਣ ਟਰੱਸਟਾਂ ਵਿੱਚੋਂ ਇਕ ਮੰਨਿਆ ਜਾਂਦਾ ਹੈ। ਉਸ ਨੇ ਭਾਜਪਾ ਨੂੰ 336.50 ਕਰੋੜ (ਪਾਰਟੀ ਨੂੰ ਮਿਲੇ ਕੁਲ ਧਨ ਦਾ 54.75 ਫੀਸਦੀ) ਅਤੇ ਕਾਂਗਰਸ ਨੂੰ 16.50 ਕਰੋੜ ਰੁਪਏ (ਪਾਰਟੀ ਨੂੰ ਮਿਲੇ ਕੁਲ ਧਨ ਦਾ 17.28 ਫੀਸਦੀ) ਦਿੱਤੇ। ਉਸ ਨੇ ਵੱਖ-ਵੱਖ ਪਾਰਟੀਆਂ ਨੂੰ 464.81 ਕਰੋੜ ਰੁਪਏ ਦਿੱਤੇ, ਜਿਨ੍ਹਾਂ ਵਿੱਚੋਂ 336.5 ਕਰੋੜ ਰੁਪਏ ਭਾਜਪਾ ਦੇ ਹਿੱਸੇ ਆਏ। ਇਸ ਟਰੱਸਟ ਨੂੰ ਕਾਰਪੋਰੇਟ ਘਰਾਣਿਆਂ ਤੇ ਵੱਖ-ਵੱਖ ਸਰੋਤਾਂ ਤੋਂ 464.83 ਕਰੋੜ ਰੁਪਏ ਮਿਲੇ ਸਨ ਤੇ ਉਸ ਨੇ 464.81 ਕਰੋੜ ਰੁਪਏ ਦਾਨ ਦੇ ਦਿੱਤੇ। ਚੰਦਿਆਂ ਦੇ ਅੰਕੜੇ ਦੱਸਦੇ ਹਨ ਕਿ ਕਾਰਪੋਰੇਟ ਦਾ ਭਾਜਪਾ ਨਾਲ ਕਿੰਨਾ ਮੋਹ ਹੈ।

ਦੰਗਲ 2024 : ਮੋਦੀ ਬਨਾਮ ਰਾਹੁਲ

ਰੁੱਖਾਂ ਨੂੰ ਆਰੀ ਫੇਰ ਨਾ, ਡਿੱਗਣਗੇ ਆਲ੍ਹਣੇ,
ਚਿੜੀਆਂ ਨੇ ਕਿਸ ਜਗ੍ਹਾ ਬੋਟ ਨੇ ਪਾਲਣੇ।
ਰੋਟੀ ਸਿਆਸਤਦਾਨ ਨੇ ਹਰ ਹਾਲ ਸੇਕਣੀ,
ਸਾਡੇ ਹੀ ਪੁੱਤਰ ਵੀਰ ਉਸ ਨੇ ਚੁੱਲ੍ਹੇ ਵਿੱਚ ਬਾਲਣੇ।

ਉਪਰੋਕਤ ਸਤਰਾਂ ਸਪੱਸ਼ਟ ਕਰਦੀਆਂ ਹਨ ਕਿ ਸੱਤਾ ਹਾਸਲ ਕਰਨ ਲਈ ਸਿਆਸਤਦਾਨ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਵੈਸੇ ਤਾਂ ਸਿਆਸਤ ਦਾ ਝੱਸ ਹੀ ਬਹੁਤ ਮਾੜਾ ਹੁੰਦਾ ਹੈ ਤੇ ਕਈ ਅਜਿਹੇ ਵੀ ਸਿਆਸਤਦਾਨ ਰਹੇ ਹਨ, ਜਿਹਨਾਂ ਨੇ ਸੇਵਾ ਦੀ ਖਾਤਰ ਆਪਣਾ ਝੁੱਗਾ-ਚੌੜ ਕਰ ਲਿਆ, ਜ਼ਮੀਨ-ਜਾਇਦਾਦ ਵੀ ਵੇਚ ਕੇ ਉਹ ਕਾਮਯਾਬ ਨਹੀਂ ਹੋ ਸਕੇ, ਪਰ ਦੂਸਰੇ ਪਾਸੇ ਅਜਿਹੇ ਵੀ ਸਿਆਸਤਦਾਨ ਹਨ, ਜਿਹਨਾਂ ਨੇ ਧੇਲਾ ਖਰਚ ਨਹੀਂ ਕੀਤਾ ਤੇ ਚਮਚਾਗਿਰੀ ਦੇ ਸਹਾਰੇ ਬੁਲੰਦੀਆਂ ਨੂੰ ਛੂਹਿਆ ਹੈ। ਰਾਜਨੀਤੀ ਵਿੱਚ ਕਦੋਂ ਕਿਸ ਦਾ ਪੱਲੜਾ ਭਾਰੀ ਹੋ ਜਾਵੇ, ਕਦੋਂ ਕਿਸੇ ਨੂੰ ਝਟਕਾ ਲੱਗ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਅੱਜ -ਕੱਲ੍ਹ ਤਾਂ ਨਰਿੰਦਰ ਮੋਦੀ ਦਾ ਸਿਆਸਤ ਵਿੱਚ ਸਿੱਕਾ ਚੱਲਦਾ ਹੈ ਅਤੇ 2024 ਵਿੱਚ ਉਹ ਤੀਜੀ ਵਾਰੀ ਪ੍ਰਧਾਨ ਮੰਤਰੀ ਬਣ ਕੇ ਹੈਟਰਿਕ ਬਣਾਉਣ ਵੱਲ ਵਧ ਰਹੇ ਹਨ। ਬੀਤੇ ਦਿਨੀ ਇੱਕ ਟੀ ਵੀ ਚੈਨਲ ਦਾ ਐਂਕਰ ਹੁੱਬ-ਹੁੱਬ ਕੇ ਕਹਿ ਰਿਹਾ ਸੀ ਕਿ ਦੁਨੀਆ ਭਰ ਦੀ ਸਿਆਸਤ ਵਿੱਚ ਸ੍ਰੀ ਨਰਿੰਦਰ ਮੋਦੀ ਦਾ ਨਾਂਅ ਅੱਜ ਲੋੜ ਸਿਆਸਤਦਾਨਾਂ ਵਿੱਚ ਆਉਂਦਾ ਹੈ ਤੇ ਉਹਨਾਂ ਦਾ ਕੋਈ ਬਦਲ ਨਹੀਂ ਹੈ। ਗੁਜਰਾਤ ਦੀਆਂ ਚੋਣਾਂ ਵਿੱਚ ਭਾਜਪਾ ਦੀ ਹੋਈ ਬੰਬਰ ਜਿੱਤ ਸ੍ਰੀ ਮੋਦੀ ਦੀ ਉੱਗਦੇ ਦੇ ਸੂਰਜ ਵਾਂਗ ਹੀ ਹੈ ਤੇ ਉਹ ਸੂਰਜ ਬਣ ਕੇ ਉੱਭਰੇ ਹਨ। ਸ਼ਾਇਦ ਇਹ ਐਂਕਰ ਭੁੱਲ ਗਿਆ ਕਿ ਸੂਰਜ ਜਦੋਂ ਉਗਦਾ ਹੈ ਤਾਂ ਉਸ ਦੀ ਰੌਸ਼ਨੀ ਇੱਕ ਜਗ੍ਹਾ ਹੀ ਨਹੀਂ, ਸਗੋਂ ਸਮੁੱਚੀ ਸ੍ਰਿਸ਼ਟੀ 'ਤੇ ਪੈਂਦੀ ਹੈ, ਪਰ ਮੋਦੀ ਦਾ ਸੂਰਜ ਤਾਂ ਗੁਜਰਾਤ ਤੋਂ ਚੰਦ ਕਿਲੋਮੀਟਰ ਦੂਰ ਹਿਮਾਚਲ ਵਿਧਾਨ ਸਭਾ ਤੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿੱਚ ਡੁੱਬ ਗਿਆ। ਮੋਦੀ ਦੀ ਸੂਰਜ ਨਾਲ ਤੁਲਨਾ ਕਰਨਾ ਵਾਜਬ ਨਹੀਂ ਕਹੀ ਜਾ ਸਕਦੀ ਤੇ ਸੂਰਜ ਸਥਿਰ ਰਹਿ ਕੇ ਸਭ ਨੂੰ ਰੌਸ਼ਨੀ ਦਿੰਦਾ ਹੈ। ਸੂਰਜ ਤਾਂ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦਾ, ਪਰ ਮੋਦੀ ਸਾਮਰਾਜ ਵਿੱਚ ਤਾਂ ਆਪਣਿਆਂ ਨੂੰ ਧੁੱਪ ਦਿਖਾਈ ਦਿੰਦੀ ਹੈ, ਪਰ ਵਿਰੋਧੀਆਂ ਲਈ ਤਾਂ ਹਨੇਰਾ ਹੀ ਛਾ ਜਾਂਦਾ ਹੈ, ਉਹਨਾਂ 'ਤੇ ਈ ਡੀ, ਸੀ ਬੀ ਆਈ, ਐੱਨ ਆਈ ਏ, ਇਨਕਮ ਟੈਕਸ ਵਿਭਾਗ ਦੇ ਰੇਡ ਕਰਵਾ ਕੇ ਵਿਰੋਧੀਆਂ ਦੀ ਜ਼ਿੰਦਗੀ ਨੂੰ ਦੁੱਭਰ ਬਣਾਇਆ ਜਾਂਦਾ ਹੈ। ਦੂਸਰੇ ਪਾਸੇ ਸੂਰਜ ਤਾਂ ਸੂਰਜ ਹੈ ਤੇ ਥੁੱਕਣ ਦੀ ਅਸਫਲ ਕੋਸ਼ਿਸ਼ ਕਰਨ ਵਾਲਿਆਂ ਅਤੇ ਪੂਜਾ ਅਰਚਣਾ ਕਰਨ ਵਾਲਿਆਂ ਨੂੰ ਵੀ ਬਰਾਬਰ ਦੀ ਰੌਸ਼ਨੀ ਦਿੰਦਾ ਹੈ।

ਅੱਜ ਕੱਲ੍ਹ ਮੋਦੀ ਦਾ ਮੁਕਾਬਲਾ ਕਰਨ ਲਈ ਕਾਂਗਰਸੀ ਸੂਰਜ ਵੀ ਉੱਭਰਦਾ ਦਿਖਾਈ ਦਿੰਦਾ ਹੈ, ਜਿਸ ਨੂੰ ਮੋਦੀ ਲਾਣਾ ਤਾਂ ਪੱਪੂ ਕਹਿੰਦਾ, ਪਰ ਅੱਜ ਕੱਲ੍ਹ ਉਹ ਲੋਕਾਂ ਦੇ ਹਿਰਦਿਆਂ ਦਾ ਸਮਰਾਟ ਬਣ ਕੇ ਉੱਭਰ ਰਿਹਾ ਹੈ। ਉਹ ਵਿਅਕਤੀ ਕੋਈ ਹੋਰ ਨਹੀਂ, ਸਗੋਂ ਗਾਂਧੀ ਪਰਵਾਰ ਦਾ ਫਰਜ਼ੰਦ "ਰਾਹੁਲ ਗਾਂਧੀ" ਹੈ। ਭਗਵਾਂਧਾਰੀ ਜਿਸ ਤਰੀਕੇ ਨਾਲ ਉਸ ਦਾ ਮਜ਼ਾਕ ਉਡਾਇਆ ਕਰਦੇ ਸਨ, ਅੱਜ ਕੱਲ੍ਹ ਉਸ ਨੇ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਯਾਤਰਾ ਕਰਕੇ ਭਗਵਿਆਂ ਦੀ ਢਿੰਬਰੀ ਟਾਈਟ ਕੀਤੀ ਹੋਈ ਹੈ। ਰਾਹੁਲ ਨੂੰ ਪੱਪੂ ਦੱਸਣ ਵਾਲੇ ਮੋਦੀ ਜੀ ਵੀ 2024 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਸਕਤੇ ਵਿੱਚ ਹਨ ਤੇ ਕੱਲ੍ਹ ਤੱਕ ਜਿਹਨਾਂ ਮੁਸਲਮਾਨਾਂ ਨੂੰ ਗਦਾਰ ਦੇ ਲਕਬ ਦੇ ਕੇ ਭੰਡਿਆ ਜਾਂਦਾ, ਅੱਜ ਉਹਨਾਂ ਦੀ ਅਬਾਦੀ ਵਾਲੇ 60 ਹਲਕਿਆਂ ਨੂੰ ਸਰ ਕਰਨ ਲਈ ਆਪਣੇ ਭਾਈ ਦੱਸ ਰਹੇ ਹਨ। ਅੱਜ ਸੀ ਏ ਏ, ਐੱਨ ਸੀ ਆਰ ਆਦਿ ਵਰਗੇ ਮੁੱਦੇ ਡੱਬੇ ਵਿੱਚ ਬੰਦ ਕਰਕੇ ਮੋਦੀ ਜੀ ਵੱਲੋਂ ਰਫੂਚੱਕਰ ਕਰ ਦਿੱਤੇ ਗਏ ਹਨ।


ਜਸਬੀਰ ਸਿੰਘ ਪੱਟੀ

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮੋਦੀ ਬਨਾਮ ਕੌਣ? ਇਸ ਦਾ ਜਵਾਬ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਕਮਲ ਨਾਥ ਨੇ ਦੇ ਕੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਕਿ 2024 ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਦੀ ਕੁਰਸੀ ਲਈ ਮੁੱਖ ਮੁਕਾਬਲਾ ਮੋਦੀ ਬਨਾਮ ਰਾਹੁਲ ਵਿਚਕਾਰ ਹੋਵੇਗਾ ਅਤੇ ਰਾਹੁਲ ਹੀ ਪ੍ਰਧਾਨ ਮੰਤਰੀ ਦੇ ਉਮੀਦਵਾਰ ਹੋਣਗੇ। ਕਮਲ ਨਾਥ ਨੇ ਇਹ ਕਹਿ ਕੇ ਇੱਕ ਵਾਰੀ ਤਾਂ ਉਹਨਾਂ ਸਾਰੇ ਵਿਰੋਧੀ ਆਗੂਆਂ ਨੂੰ ਵੀ ਠੰਢਾ ਕਰ ਦਿੱਤਾ ਹੈ ਜਿਹੜੇ ਪ੍ਰਧਾਨ ਮੰਤਰੀ ਤਾਜ ਪਹਿਨਣ ਦੇ ਖਾਬ ਲੈ ਰਹੇ ਸਨ। ਪ੍ਰਧਾਨ ਮੰਤਰੀ ਬਨਣ ਦੀ ਚਾਹਤ ਰੱਖਣ ਵਾਲਿਆਂ ਵਿੱਚ ਬੰਗਾਲ ਦੀ ਮੁੱਖ ਮੰਤਰੀ ਬੀਬੀ ਮਮਤਾ ਬੈਨਰਜੀ, ਜਨਤਾ ਦਲ (ਯੂ) ਦੇ ਆਗੂ ਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ, ਤਿਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰ ਸ਼ੇਖਰ ਰਾਉ ਦਾ ਨਾਂਅ ਪਹਿਲੀ ਕਤਾਰ ਵਿੱਚ ਸ਼ਾਮਲ ਹੈ। ਮਮਤਾ ਬੈਨਰਜੀ ਨੂੰ ਤਾਂ ਰਾਸ਼ਟਰੀ ਕਾਂਗਰਸ ਪਾਰਟੀ ਦੇ ਮੁਖੀ ਸ਼ਰਦ ਪਵਾਰ ਨੇ ਠੰਢਿਆਂ ਕਰਕੇ ਤੋਰ ਦਿੱਤਾ ਕਿ ਕਾਂਗਰਸ ਕੋਲ ਅੱਜ ਵੀ 12 ਕਰੋੜ ਦੇਸ਼ ਭਰ ਵਿੱਚ ਵੋਟਰ ਹਨ, ਜਦ ਕਿ ਤ੍ਰਿਣਮੂਲ ਕਾਂਗਰਸ ਦਾ ਆਧਾਰ ਸਿਰਫ ਬੰਗਾਲ ਵਿੱਚ ਹੀ ਹੈ, ਜਿੱਥੇ ਸਿਰਫ 42 ਲੋਕ ਸਭਾ ਸੀਟਾਂ ਹੀ ਹਨ। ਨਿਤਿਸ਼ ਕੁਮਾਰ ਨੇ ਵੀ ਪਿਛਲੇ ਦਿਨੀਂ ਆਪਣੀ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਦੇ ਉਮੀਦਵਾਰ ਨਹੀਂ ਹਨ ਤੇ ਉਹ ਸਿਰਫ ਵਿਰੋਧੀ ਧਿਰ ਨੂੰ ਇਕੱਠਾ ਕਰਨ ਵਿੱਚ ਆਪਣੀ ਭੂਮਿਕਾ ਨਿਭਾਅ ਰਹੇ ਹਨ। ਨਿਤਿਸ਼ ਕੁਮਾਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਜੇਕਰ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਉਹਨਾਂ ਨੂੰ ਬੇਹੱਦ ਖੁਸ਼ੀ ਹੋਵੇਗੀ ਤੇ ਉਹ ਰਾਹੁਲ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਹਰ ਪ੍ਰਕਾਰ ਦੀ ਮਦਦ ਕਰਨ ਲਈ ਤਿਆਰ ਹਨ। ਭਾਜਪਾ ਦੀ ਕਾਰਜਕਰਨੀ ਵਿੱਚ ਜਦੋਂ ਨਿਤਿਸ਼ ਨਾਲ ਮੁੜ ਕੋਈ ਸਮਝੌਤਾ ਨਾ ਕਰਨ ਦਾ ਮਤਾ ਪਾਸ ਕੀਤਾ ਤਾਂ ਉਸ ਉਪਰ ਟਿੱਪਣੀ ਕਰਦਿਆਂ ਨਿਤਿਸ਼ ਨੇ ਵੀ ਭਾਜਪਾ ਦਾ ਪੂਰਨ ਬਾਈਕਾਟ ਕਰਦਿਆ ਕਿਹਾ ਕਿ ਭਵਿੱਖ ਵਿੱਚ ਉਹ ਮਰ ਜਾਵੇਗਾ, ਪਰ ਭਾਜਪਾ ਨਾਲ ਕੋਈ ਸਮਝੌਤਾ ਨਹੀਂ ਕਰੇਗਾ। ਤਿਲੰਗਾਨਾ ਦੇ ਮੁੱਖ ਮੰਤਰੀ ਤੇ ਰਾਸ਼ਟਰੀ ਤਿਲੰਗਾਨਾ ਸੰਮਤੀ ਦੇ ਮੁਖੀ ਕੇ ਚੰਦਰ ਸ਼ੇਖਰ ਰਾਉ ਦਾ ਤਿਲੰਗਾਨਾ ਦੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸਿੱਧਾ ਮੁਕਾਬਲਾ ਕਾਂਗਰਸ ਨਾਲ ਹੈ, ਜਿਸ ਕਰਕੇ ਅੱਜ ਤਾਂ ਉਹ ਕਾਂਗਰਸ ਦਾ ਸਾਥ ਨਹੀਂ ਦੇ ਰਹੇ, ਪਰ ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਉਹਨਾ ਦੀ ਕਾਂਗਰਸ ਸਮੱਰਥਕ ਉਮੀਦਵਾਰ ਦੀ ਹਮਾਇਤ ਕਰਨ ਦੀ ਮਜਬੂਰੀ ਬਣ ਜਾਵੇਗੀ, ਕਿਉਂਕਿ ਭਾਜਪਾ ਨੇ ਉਸ ਦੀ ਸਰਕਾਰ ਵੀ ਡੇਗਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਵੈਸੇ ਵੀ ਰਾਉ ਨੂੰ ਬਹੁਤ ਸਾਰੀਆਂ ਵਿਰੋਧੀ ਪਾਰਟੀਆਂ ਦਾ ਸਮੱਰਥਨ ਹਾਸਲ ਨਹੀਂ ਹੈ।

ਉੱਤਰ ਪ੍ਰਦੇਸ਼ ਵਿੱਚ ਮੋਦੀ ਦੇ ਸੱਜੇ ਤੇ ਖੱਬੇ ਲੈਫਟੈਣ ਬਸਪਾ ਮੁੱਖੀ ਬੀਬੀ ਮਾਇਆਵਤੀ ਤੇ ਸਮਾਜਵਾਦੀ ਪਾਰਟੀ ਦੇ ਮੁੱਖੀ ਅਖਲੇਸ਼ ਯਾਦਵ ਨੇ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿੱਚ ਭਾਗ ਲੈਣ ਤੋਂ ਇਨਕਾਰ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਮੰਨਣ ਲਈ ਤਿਆਰ ਨਹੀਂ ਹਨ ਪਰ ਲੋਕ ਸਭਾ ਚੋਣਾਂ ਤੋ ਬਾਅਦ ਇਹ ਲੋਕ ਵੀ ਵੇਖਣ ਲਈ ਮਜ਼ਬੂਰ ਹੋਣਗੇ ਕਿ ਸਿਆਸਤ ਨਦੀ ਦਾ ਪਾਣੀ ਕਿਸ ਦਿਸ਼ਾ ਵੱਲ ਵਗ ਰਿਹਾ ਹੈ।

ਭਾਰਤ ਜੋੜੋ ਯਾਤਰਾ ਨੂੰ ਭਾਵੇਂ 136 ਦਿਨ ਲੱਗ ਗਏ ਤੇ ਰਾਹੁਲ ਗਾਂਧੀ ਤੇ ਉਸ ਦੀ ਟੀਮ ਨੇ ਚਾਰ ਹਜ਼ਾਰ ਕਿਲੋਮੀਟਰ ਦਾ ਸਫਰ ਤਹਿ ਕੀਤਾ, ਜਿਸ ਵਿੱਚੋਂ ਵਧੇਰੇ ਕਰਕੇ ਸਫਰ ਪੈਦਲ ਕੀਤਾ। ਯਾਤਰਾ ਦੌਰਾਨ ਰਾਹੁਲ ਨੇ ਬਹੁਤ ਕੁਝ ਸਿੱਖਿਆ ਤੇ ਜਿੱਥੇ ਰਾਹੁਲ ਨੇ ਇਸ ਯਾਤਰਾ ਨੂੰ ਗੈਰ ਸਿਆਸੀ ਦੱਸਿਆ, ਉਥੇ ਹੀ ਵੱਖ-ਵੱਖ ਸਿਆਸੀ, ਸਮਾਜਿਕ, ਧਾਰਮਿਕ , ਸੱਭਿਆਚਾਰਕ, ਦੁਕਾਨਦਾਰਾਂ, ਵਪਾਰੀਆਂ, ਮੁਲਾਜ਼ਮਾਂ, ਕਰਮਚਾਰੀਆਂ ਤੇ ਔਰਤ ਜਥੇਬੰਦੀਆਂ ਆਦਿ ਨੇ ਗਰਮਜੋਸ਼ੀ ਨਾਲ ਸੁਆਗਤ ਕੀਤਾ। ਯਾਤਰਾ ਦੇ ਸੰਪੰਨ ਸਮੇਂ ਵੀ ਕੀਤੇ ਗਏ ਸਮਾਗਮ ਸਮੇਂ ਬਹੁਤ ਸਾਰੀਆਂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ, ਖਾਸ ਕਰਕੇ ਕਸ਼ਮੀਰ ਦੀਆਂ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ, ਜਿਸ ਦਾ ਸਿੱਧਾ ਮਤਲਬ ਹੈ ਕਿ ਰਾਹੁਲ ਨੂੰ ਲੀਡਰ ਵਜੋਂ ਮਾਨਤਾ ਦੇਣਾ। ਰਾਹੁਲ ਦੀ ਯਾਤਰਾ ਦੇ ਹੋਏ "ਗਰੇਂਡ ਸੰਪਨ" ਨੇ ਭਾਜਪਾ ਨੂੰ ਕੰਬਣੀਆਂ ਛੇੜ ਦਿੱਤੀਆਂ ਹਨ।

ਯਾਤਰਾ ਤੋਂ ਪਹਿਲਾਂ ਤੇ ਅੱਜ ਦੇ ਰਾਹੁਲ ਵਿੱਚ ਕਾਫੀ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ ਤੇ ਸਿਆਸੀ ਭਟਕਣ ਦਾ ਸ਼ਿਕਾਰ ਹੋਏ ਰਾਹੁਲ ਗਾਂਧੀ ਨੂੰ ਯਾਤਰਾ ਤੋਂ ਬਾਅਦ ਸਹੀ ਦਿਸ਼ਾ ਮਿਲ ਗਈ ਹੈ। ਅੱਜ ਰਾਹੁਲ ਗਾਂਧੀ ਭਾਜਪਾ ਤੇ ਆਰ ਐੱਸ ਐੱਸ ਨੂੰ ਆਪਣਾ ਗੁਰੂ ਮੰਨਣ ਲੱਗ ਪਏ ਹਨ, ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਭਾਜਪਾ ਤੇ ਆਰ ਐੱਸ ਐੱਸ ਉਹਨਾਂ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰਕੇ ਸਹੀ ਦਿਸ਼ਾ ਵੱਲ ਜਾਣ ਦਾ ਰਸਤਾ ਵਿਖਾ ਰਹੇ ਹਨ ਤੇ ਉਹ ਇਸ ਲਈ ਇਹਨਾਂ ਦੋਵਾਂ ਕੱਟੜਪੰਥੀ ਜਮਾਤਾਂ ਦਾ ਧੰਨਵਾਦ ਕਰਦੇ ਹਨ।

ਸਿਆਸਤ ਵਿੱਚ ਹਰ ਕੋਈ ਆਗੂ ਇਹ ਸਮਝਦਾ ਹੈ ਕਿ ਉਸ ਤੋਂ ਵੱਧ ਕੋਈ ਸਿਆਣਾ ਨਹੀਂ ਹੈ, ਪਰ ਰਾਹੁਲ ਨੇ ਇਸ ਧਾਰਨਾ ਨੂੰ ਗਲਤ ਸਾਬਤ ਕਰ ਦਿੱਤਾ ਹੈ ਕਿ ਵਿਰੋਧੀ ਹੀ ਕਿਸੇ ਨੂੰ ਅਸਲ ਲੀਡਰ ਬਣਾਉਂਦੇ ਹਨ। ਰਾਹੁਲ ਦੇ ਸੁਭਾਅ ਵਿੱਚ ਆਈ ਤਬਦੀਲੀ ਨੂੰ ਵੇਖ ਕੇ ਹਰ ਕੋਈ ਮਹਿਸੂਸ ਕਰਦਾ ਹੈ ਕਿ ਰਾਹੁਲ ਵਿੱਚ ਕਿਸੇ ਹੱਦ ਤੱਕ ਸਿਆਸੀ ਪਕਿਆਈ ਆ ਗਈ ਹੈ ਤੇ ਉਸ ਨੇ ਸਿਆਸਤ ਨੂੰ ਸਮਝ ਲਿਆ ਹੈ। ਭਾਰਤ ਜੋੜੋ ਯਾਤਰਾ ਤੋਂ ਬਾਅਦ ਮਾਰਚ ਵਿੱਚ ਰਾਹੁਲ ਵੱਲੋਂ ਹਿੰਦੀ ਖੇਤਰ ਵਿੱਚ "ਹੱਥ ਜੋੜੋ ਤੇ ਹੱਥ ਮਿਲਾਓ" ਯਾਤਰਾ ਸ਼ੁਰੂ ਕੀਤੀ ਜਾ ਰਹੀ ਹੈ, ਜਿਹੜੀ ਉੱਤਰ ਪੂਰਬ ਵੱਲ ਹੋਵੇਗੀ। ਇਸ ਨੇ ਵੀ ਭਾਜਪਾ ਤੇ ਆਰ ਐੱਸ ਐੱਸ ਦੇ ਫਿਕਰਾਂ ਵਿੱਚ ਵਾਧਾ ਕਰ ਦਿੱਤਾ ਹੈ।

ਰਾਹੁਲ ਦੀਆਂ ਵਧ

16-FEB-PAGE-5.qxd 2/15/2023 10:50 PM Page 1

ਕਿਰਤੀ ਕਿਸਾਨ ਯੂਨੀਅਨ ਪਿੰਡ ਸਰਾਵਾਂ ਬੋਦਲਾ ਦੀ ਚੋਣ

ਹਰਦੀਪ ਸਿੰਘ ਬਣੇ ਪਿੰਡ ਇਕਾਈ ਦੇ ਪ੍ਰਧਾਨ ਤੇ ਸੁੱਚਾ ਸਿੰਘ ਸਕੱਤਰ ਚੁਣੇ

ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ) ਕਿਰਤੀ ਕਿਸਾਨ ਯੂਨੀਅਨ ਪਿੰਡ ਸਰਾਵਾਂ ਬੋਦਲਾ ਬਲਾਕ ਮਲੋਟ ਦੀ 15 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਸਰਬਸੰਮਤੀ ਨਾਲ ਹਰਦੀਪ ਸਿੰਘ ਨੂੰ ਪਿੰਡ ਇਕਾਈ ਦਾ ਪ੍ਰਧਾਨ ਤੇ ਸੁੱਚਾ ਸਿੰਘ ਨੂੰ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ਜੋਗਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮਨਪ੍ਰੀਤ ਸਿੰਘ ਮੀਤ ਪ੍ਰਧਾਨ ਜਰਨੈਲ ਸਿੰਘ, ਪ੍ਰੈਸ ਸਕੱਤਰ ਰਘਬੀਰ ਸਿੰਘ, ਜਥੇਬੰਦਕ ਸਕੱਤਰ ਕਲਵੰਤ ਸਿੰਘ, ਸੁਰਜੀਤ ਸਿੰਘ, ਦਵਿੰਦਰ ਸਿੰਘ, ਲਖਵਿੰਦਰ ਸਿੰਘ ਰਾੜਈਆ, ਮੇਹਰ ਸਿੰਘ, ਲਖਵਿੰਦਰ ਸਿੰਘ ਖਾਰਾ, ਦਿਲਬਾਗ ਸਿੰਘ ਸੰਧੂ, ਕੁਲਵਿੰਦਰ ਸਿੰਘ ਖਹਿਰਾ ਨੂੰ ਮੈਂਬਰ ਲਿਆ ਗਿਆ।

ਸੂਬਾ ਆਗੂ ਜਸਵਿੰਦਰ ਸਿੰਘ ਝਬੇਲਵਾਲੀ ਤੇ ਬਲਜੀਤ ਸਿੰਘ ਲੰਡੇ ਰੋਡੇ ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਕਰਕੇ ਦੇਸ ਦੀ ਕਿਸਾਨੀ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਕਰਜ਼ੇ ਦੇ ਬੋਝ ਕਰਕੇ ਕਿਸਾਨ ਹਰ ਰੋਜ਼ ਖੁਦਕੁਸ਼ੀਆਂ ਕਰ ਰਹੇ ਹਨ। ਖੇਤੀ ਲਾਹੇਵੰਦ ਧੰਦਾ ਨਾ ਰਹਿਣ ਕਰਕੇ ਹਰ ਸਾਲ ਹਜ਼ਾਰਾਂ ਕਿਸਾਨ ਖੇਤੀ 'ਚੋਂ ਬਾਹਰ ਹੋ ਰਹੇ ਹਨ।

ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੂਬਾ ਆਗੂ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਤੇ ਗੁਰਚਰਨ ਸਿੰਘ ਬੁੱਟਰ ਨੇ ਕਿਹਾ ਕਿ ਮੋਦੀ ਸਰਕਾਰ ਕੇਂਦਰੀਕਰਨ ਦੀ ਨੀਤੀ ਤਹਿਤ ਲਗਾਤਾਰ ਰਾਜਾਂ ਦੇ ਅਧਿਕਾਰ ਖੋਹ ਰਹੀ ਹੈ। ਇਸੇ ਨੀਤੀ ਰਾਹੀਂ ਡੈਮ ਸੇਫਟੀ ਐਕਟ ਲਿਆ ਕੇ ਦੇਸ ਦੇ ਸਮੁੱਚੇ ਡੈਮ ਤੇ ਕੇਂਦਰ ਸਰਕਾਰ ਆਪਣਾ ਕਬਜ਼ਾ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਪਾਣੀਆਂ ਦੀ ਲੁੱਟ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ।

ਕੇਂਦਰ ਸਰਕਾਰ ਸਾਂਝੀ ਸੰਸਦੀ ਕਮੇਟੀ ਬਣਾਉਣ ਤੋਂ ਭੱਜ ਰਹੀ : ਸੇਖੋਂ

ਬਠਿੰਡਾ, (ਬਖਤੌਰ ਢਿੱਲੋਂ)-ਕੇਂਦਰ ਸਰਕਾਰ ਅਡਾਨੀ ਹਿੰਡਨਬਰਗ ਤੇ ਸਾਂਝੀ ਸੰਸਦੀ ਕਮੇਟੀ ਬਣਾਉਣ ਤੋਂ ਭੱਜ ਰਹੀ ਹੈ, ਜਿਸ ਸਦਕਾ ਮੋਦੀ ਸਰਕਾਰ ਤੇ ਕਾਰਪੋਰੇਟ ਘਰਾਣਿਆਂ ਦੀ ਭਾਈਵਾਲੀ ਜਗ ਜ਼ਾਹਰ ਹੋ ਗਈ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕੇਂਦਰ ਦੇ ਬੱਜਟ ਦੀਆਂ ਤਜਵੀਜਾਂ ਖਿਲਾਫ਼ ਪਾਰਟੀ 22 ਫਰਵਰੀ ਤੋਂ ਵਿਰੋਧ ਹਫ਼ਤਾ ਮਨਾਵੇਗੀ।

ਕਾ: ਸੇਖੋਂ ਨੇ ਪਾਰਟੀ ਦਫ਼ਤਰ ਵਿਖੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਉਪਰੰਤ ਕਿਹਾ ਕਿ ਸਾਰੀਆਂ ਵਿਰੋਧੀ ਪਾਰਟੀਆਂ ਦੀ ਅਡਾਨੀ ਹਿੰਡਨਬਰਗ ਮਾਮਲੇ ਤੇ ਸਾਂਝੀ ਸੰਸਦੀ ਕਮੇਟੀ ਬਣਾਉਣ ਦੀ ਮੰਗ ਤੋਂ ਕੇਂਦਰ ਸਰਕਾਰ ਭੱਜ ਰਹੀ ਹੈ, ਜਿਸ ਸਦਕਾ ਕੇਵਲ ਕੇਂਦਰ ਤੇ ਕਾਰਪੋਰੇਟ ਘਰਾਣਿਆਂ ਦੀ ਭਾਈਵਾਲੀ ਹੀ ਜਗ ਜ਼ਾਹਰ ਨਹੀ ਹੋਈ, ਬਲਕਿ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨਾਲ ਦੁਨੀਆਂ ਭਰ ਵਿੱਚ ਭਾਰਤ ਦੀ ਬਦਨਾਮੀ ਹੋਈ ਹੈ, ਇਸ ਲਈ ਸਾਂਝੀ ਸੰਸਦੀ ਕਮੇਟੀ ਬਣਾ ਕੇ ਇਸ ਸਬੰਧੀ ਅਸਲੀਅਤ ਲੋਕਾਂ ਸਾਹਮਣੇ ਪੇਸ਼ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਕੁੱਝ ਵੀ ਨਾ ਛੁਪਾਉਣ ਦੇ ਬਿਆਨ ਤਾਂ ਦੇ ਰਹੀ ਹੈ ਪਰ ਸਾਂਝੀ ਕਮੇਟੀ ਬਣਾਉਣ ਤੋਂ ਟਾਲਾ ਵੱਟ ਰਹੀ ਹੈ। ਉਹਨਾਂ ਮੰਗ ਕੀਤੀ ਕਿ ਕੇਂਦਰ ਵੱਲੋਂ ਸਾਂਝੀ ਕਮੇਟੀ ਬਣਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ।

ਸੂਬਾ ਸਕੱਤਰ ਨੇ ਆਮਦਨ ਕਰ ਵਿਭਾਗ ਦੀਆਂ ਟੀਮਾਂ ਵੱਲੋਂ ਬੀ ਬੀ ਸੀ ਦੇ ਦਿੱਲੀ ਤੇ ਮੁੰਬਈ ਦਫ਼ਤਰਾਂ ਤੇ ਛਾਪੇ ਮਾਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਕੇਂਦਰ ਦੇ ਇਸ਼ਾਰੇ 'ਤੇ ਸੱਚ ਦੀ ਆਵਾਜ਼ ਨੂੰ ਦਬਾਉਣ ਲਈ ਹੀ ਅਜਿਹਾ ਕੀਤਾ ਜਾ ਰਿਹਾ ਹੈ।

ਆਉਣ ਵਾਲੇ ਬੱਜਟ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਾ. ਸੇਖੋਂ ਨੇ ਕਿਹਾ ਕਿ ਬੱਜਟ ਦੀਆਂ ਤਜਵੀਜ਼ਾਂ ਲੋਕ ਵਿਰੋਧੀ ਤੇ ਕਾਰਪੋਰੇਟ ਪੱਖੀ ਹਨ। ਉਨ੍ਹਾਂ ਦੱਸਿਆ ਕਿ ਕੇਂਦਰ ਵੱਲੋਂ ਮਨਰੇਗਾ ਸਕੀਮ 'ਤੇ 33 ਫੀਸਦੀ ਕੱਟ ਲਾਉਣ ਦੀ ਤਜਵੀਜ਼ ਹੈ, ਜਿਸਦਾ ਸਿੱਧਾ ਅਰਥ ਹੈ ਕਿ ਗਰੀਬ ਮਜਦੂਰਾਂ ਦੀ ਕਮਾਈ ਦਾ ਤੀਜਾ ਹਿੱਸਾ ਖਤਮ ਕਰ ਦੇਣਾ। ਇਸੇ ਤਰ੍ਹਾਂ ਖੇਤੀ ਸੈਕਟਰ ਤੇ 8 ਹਜ਼ਾਰ ਕਰੋੜ ਰੁਪਏ ਦਾ ਕੱਟ ਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਿਹਤ ਤੇ ਸਿੱਖਿਆ ਲਈ ਬੱਜਟ ਤਜਵੀਜ਼ਾਂ ਨਿਰਾਸ਼ ਕਰਨ ਵਾਲੀਆਂ ਹਨ ਤੇ ਨਵੇਂ ਰੁਜ਼ਗਾਰ ਦੀ ਵੀ ਕੋਈ ਯੋਜਨਾ ਨਹੀਂ ਬਣਾਈ ਜਾ ਰਹੀ। ਉਹਨਾਂ ਕਿਹਾ ਕਿ ਬੱਜਟ ਕਾਰਪੋਰੇਟ ਘਰਾਣਿਆਂ ਵੱਲ ਸੇਧਤ ਹੈ। ਇਸ ਕਰਕੇ ਸੀ ਪੀ ਆਈ ਐੱਮ ਵੱਲੋਂ 22 ਤੋਂ 28 ਫਰਵਰੀ ਤੱਕ ਬੱਜਟ ਤਜਵੀਜ਼ਾਂ ਵਿਰੋਧੀ ਹਫ਼ਤਾ ਮਨਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਤ ਅੰਤਰਰਾਸ਼ਟਰੀ ਕਾਨਫਰੰਸ 2 ਤੋਂ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) -ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਡਾ. ਅਜਾਇਬ ਸਿੰਘ ਬਰਾੜ ਯੂਨੀਵਰਸਿਟੀ ਦੇ ਪ੍ਰੋ. ਚਾਂਸਲਰ ਅਤੇ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪ੍ਰਿਤਪਾਲ ਸਿੰਘ ਦੀ ਯੋਗ ਅਗਵਾਈ ਹੇਠ ਮਾਰਚ ਮਹੀਨੇ ਵਿੱਚ ਵੱਖ-ਵੱਖ ਕਾਨਫਰੰਸਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਤ ਅੰਤਰਰਾਸ਼ਟਰੀ ਕਾਨਫਰੰਸ ਲੜੀ ਹਰ ਸਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਸਮਕਾਲੀ ਚਿੰਤਾਵਾਂ' ਵਿਸ਼ੇ 'ਤੇ ਆਯੋਜਤ ਕੀਤੀ ਜਾਵੇਗੀ। ਇਸ ਸਾਲ ਇਹ 2-3 ਮਾਰਚ ਨੂੰ ਕਰਾਈ ਜਾ ਰਹੀ ਹੈ।

ਉਪ-ਕੁਲਪਤੀ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਬਾਰੇ ਮਿਆਰੀ ਖੋਜ ਪੱਤਰ, ਦਾਰਸ਼ਨਿਕ, ਸਮਾਜਿਕ ਅਤੇ ਸੱਭਿਆਚਾਰਕ ਚਿੰਤਾਵਾਂ ਦੇ ਨਾਲ-ਨਾਲ ਭਾਸ਼ਾਈ ਤੇ ਵਿਗਿਆਨਕ ਪਹਿਲੂਆਂ ਨੂੰ ਸਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਨਫਰੰਸ ਲਈ ਪੰਜਾਬ ਦੇ ਵਿਦਵਾਨਾਂ ਤੋਂ ਇਲਾਵਾ ਬਾਹਰਲੇ ਰਾਜ ਤੇ ਅੰਤਰਰਾਸਟਰੀ ਖੋਜਾਰਥੀਆਂ ਅਤੇ ਵਿਦਵਾਨਾਂ ਨੇ ਰਜਿਸਟ੍ਰੇਸ਼ਨ ਰਾਹੀਂ ਭਰਵਾਂ ਹੁੰਗਾਰਾ ਦਿਖਾਇਆ ਹੈ।

ਡਾ. ਸੁਖਵਿੰਦਰ ਸਿੰਘ ਬਿਲਿੰਗ, ਡੀਨ, ਅਕਾਦਮਿਕ ਮਾਮਲੇ ਨੇ ਦੱਸਿਆ ਕਿ ਕਾਨਫਰੰਸ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਨ ਲਈ ਰਜਿਸਟ੍ਰੇਸ਼ਨ ਫੀਸ ਮੁਆਫ਼ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਬਾਹਰਲੇ ਰਾਜਾਂ ਦੇ ਵਿਦਵਾਨਾਂ ਅਤੇ ਅੰਤਰਰਾਸ਼ਟਰੀ ਵਿਦਵਾਨਾਂ ਲਈ ਆਨਲਾਈਨ ਸਹੂਲਤ ਮੁਹੱਈਆ ਕਰਾਈ ਗਈ ਹੈ, ਜਦਕਿ ਸੂਬੇ ਦੇ ਅੰਦਰਲੇ ਵਿਦਵਾਨ ਯੂਨੀਵਰਸਿਟੀ ਕੈਂਪਸ ਵਿੱਚ ਆਪਣੇ ਪੇਪਰ ਪੇਸ ਕਰਨਗੇ। ਡਾ. ਬਿਲਿੰਗ ਨੇ ਮੀਡੀਆ ਨੂੰ ਦੱਸਿਆ ਕਿ ਯੂਨੀਵਰਸਿਟੀ ਇੰਡੀਅਨ ਸਾਇੰਸ ਕਾਂਗਰਸ ਐਸੋਸੀਏਸ਼ਨ (ਪਟਿਆਲਾ ਚੈਪਟਰ) ਦੇ ਸਹਿਯੋਗ ਨਾਲ 16 ਤੋਂ 17 ਮਾਰਚ ਤੱਕ ਬਲੈਂਡਡ ਮੋਡ ਵਿੱਚ 'ਬਹੁ-ਅਨੁਸ਼ਾਸਨੀ ਖੋਜ ਵਿੱਚ ਵਿਕਸਤ ਰੁਝਾਨ ਅਤੇ ਚੁਣੌਤੀਆਂ' ਵਿਸ਼ੇ 'ਤੇ ਚੌਥੀ ਨੈਸ਼ਨਲ ਰਿਸਰਚ ਸਕਾਲਰ ਮੀਟ, ਕਾਨਫਰੰਸ ਦਾ ਆਯੋਜਨ ਕਰ ਰਹੀ ਹੈ।

ਕਾਨਫਰੰਸ ਨੂੰ ਨੌਜਵਾਨ ਖੋਜਕਰਤਾਵਾਂ ਨੂੰ ਉਨ੍ਹਾਂ ਦੇ ਤਾਜ਼ਾ ਖੋਜ ਨਤੀਜਿਆਂ ਨੂੰ ਪੇਸ਼ ਕਰਨ ਲਈ ਇੱਕ ਫੋਰਮ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਦੋ ਰੋਜ਼ਾ ਕਾਨਫਰੰਸ ਦੇ ਵਿਗਿਆਨਕ ਪ੍ਰੋਗਰਾਮ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਭਾਸ਼ਣ ਅਤੇ ਮੌਖਿਕ ਤੇ ਪੋਸਟਰ ਪੇਸ਼ਕਾਰੀਆਂ ਸ਼ਾਮਲ ਹੋਣਗੀਆਂ। ਫਿਜੀਓਥੈਰੇਪੀ ਵਿਭਾਗ ਦੇ ਇੰਚਾਰਜ ਤੇ ਮੀਟ ਦੇ ਕਨਵੀਨਰ ਡਾ. ਪੰਕਜਪ੍ਰੀਤ ਸਿੰਘ ਨੇ ਦੱਸਿਆ ਕਿ ਤਿੰਨ ਸਰਵੋਤਮ ਪੇਪਰਾਂ ਤੇ ਪੋਸਟਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਉਸ ਨੇ ਅੱਗੇ ਕਿਹਾ ਕਿ ਖੋਜ ਪੱਤਰਾਂ ਨੂੰ ਕਿਤਾਬ ਦੇ ਰੂਪ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

ਡੀ ਐੱਮ ਕਾਲਜ ਦੇ ਵਿਦਿਆਰਥੀਆਂ ਨੂੰ ਕੀਤਾ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ

ਮੋਗਾ (ਅਮਰਜੀਤ ਬੱਬਰੀ) : ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਕਪਤਾਨ ਪੁਲਸ ਮੋਗਾ ਗੁਲਨੀਤ ਸਿੰਘ ਖੁਰਾਨਾ ਦੀ ਦੇਖ-ਰੇਖ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਵੱਲੋਂ ਆਮ ਲੋਕਾਂ ਨੂੰ ਆਵਾਜਾਈ ਦੇ ਨਿਯਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਜਾਗਰੂਕਤਾ ਗਤੀਵਿਧੀਆਂ ਲਗਾਤਾਰ ਚੱਲ ਰਹੀਆਂ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਦੇ ਇੰਚਾਰਜ ਕੇਵਲ ਸਿੰਘ ਨੇ ਦੱਸਿਆ ਕਿ ਉਕਤ ਦੀ ਲਗਾਤਾਰਤਾ ਵਿੱਚ ਡੀ ਐਸ ਪੀ ਟ੍ਰੈਫਿਕ ਮੋਗਾ ਜ਼ੋਰਾ ਸਿੰਘ ਕਾਂਗੜਾ ਦੀ ਰਹਿਨੁਮਾਈ ਹੇਠ ਅੱਜ ਡੀ ਐਮ ਕਾਲਜ ਮੋਗਾ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਵਹੀਕਲਾਂ ਦੇ ਦਸਤਾਵੇਜ਼ ਪੂਰੇ ਰੱਖਣ, ਸਾਈਬਰ ਕਰਾਈਮ ਰਾਹੀਂ ਹ�ो ਰਹੀਆਂ ਠੱਗੀਆਂ ਤੋਂ ਬਚਣ ਸੰਬੰਧੀ ਅਤੇ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ 'ਤੇ ਸਲੇਸ਼ੀਅਨ ਫੰਡ ਮੁਆਵਜ਼ਾ ਲੈਣ ਸੰਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਵਹੀਕਲਾਂ ਉੱਪਰ ਹਾਈ ਸਕਿਉਰਿਟੀ ਨੰਬਰ ਪਲੇਟਾਂ ਲਗਵਾਉਣੀਆਂ ਲਾਜ਼ਮੀ ਹਨ। ਸਾਈਬਰ ਕ੍ਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਸੰਬੰਧੀ ਵਿਸਥਾਰਪੂਰਵਕ ਜਾਗਰੂਕ ਕਰਕੇ ਇਸ ਸਬੰਧੀ ਜਾਰੀ ਕੀਤੇ ਗਏ ਹੈਲਪ ਲਾਈਨ ਨੰਬਰ 1930 ਦੀ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ 'ਤੇ ਸਿਲੇਸ਼ੀਅਨ ਫੰਡ ਮੁਆਵਜ਼ਾ ਲੈਣ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕਿਸੇ ਤਰ੍ਹਾਂ ਦੀ ਸਮੱਸਿਆ ਸਮੇਂ ਲੋੜ ਪੈਣ 'ਤੇ 112 ਨੰਬਰ ਡਾਇਲ ਕਰਕੇ ਸਹਾਇਤਾ ਲਈ ਜਾ ਸਕਦੀ ਹੈ। ਇਸ ਮੌਕੇ ਹੈੱਡ ਕਾਂਸਟੇਬਲ ਸੁਖਜਿੰਦਰ ਸਿੰਘ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ, ਪ੍ਰਿੰਸੀਪਲ ਐਸ.ਕੇ. ਸ਼ਰਮਾ, ਪ੍ਰੋਫੈਸਰ ਸੁਰਜੀਤ ਕੁਮਾਰ, ਪ੍ਰੋਫੈਸਰ ਕਾਮਿਨੀ, ਪ੍ਰੋਫੈਸਰ ਲਲਿਤ ਹੁੜਾ, ਪ੍ਰੋਫੈਸਰ ਸੋਨੂੰ ਚੁੱਘ ਆਦਿ ਹਾਜ਼ਰ ਸਨ।

ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਸਕੂਲ 'ਚ ਜਸ਼ਨ-ਏ-ਵਿਦਾਇਗੀ ਸਮਾਗਮ

ਜਗਰਾਉਂ, (ਅਮਿਤ ਖੰਨਾ)- ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਸਕੂਲ 'ਚ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਜਸ਼ਨ-ਏ-ਵਿਦਾਇਗੀ ਸਮਾਗਮ ਕਰਾਇਆ ਗਿਆ।

ਸੀਨੀਅਰ ਵਿਦਿਆਰਥੀਆਂ ਦੇ ਸਕੂਲ ਪਹੁੰਚਣ 'ਤੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦਾ ਵਿਸ਼ੇਸ਼ ਸਵਾਗਤ ਕੀਤਾ। ਇਸ ਸਮੇਂ ਸ਼ਿਵਾਲਿਕ ਮਾਡਲ ਪਬਲਿਕ ਸਕੂਲ ਦੇ ਪ੍ਰਿੰ. ਨੀਲਮ ਸਰਮਾ, ਆਰੀਆ ਵਿੱਦਿਆ ਮੰਦਰ ਸਕੂਲ ਦੇ ਪ੍ਰਿੰ. ਨਿਧੀ ਗੁਪਤਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਕੂਲ ਦੇ ਪ੍ਰਧਾਨ ਰਮੇਸ਼ ਜੈਨ, ਕਾਂਤਾ ਸਿੰਗਲਾ, ਡਾਇਰੈਕਟਰ ਸ਼ਸ਼ੀ ਜੈਨ, ਪ੍ਰਿੰ. ਮੈਡਮ ਸੁਪ੍ਰਿਆ ਖੁਰਾਨਾ ਅਤੇ ਮੁੱਖ ਮਹਿਮਾਨਾਂ ਨੇ ਜੋਤੀ ਜਗ੍ਹਾ ਦੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਸਵਾਗਤੀ ਭਾਸ਼ਣ, ਡਾਂਸ, ਸੋਲੋ ਡਾਂਸ, ਮਾਡਿਲੰਗ, ਮਨੋਰੰਜਨ ਖੇਡਾਂ, ਡਾਂਡੀਆਂ, ਗਿੱਧਾ, ਭੰਗੜਾ ਆਦਿ ਪ੍ਰੋਗਰਾਮ ਦੀ ਪੇਸ਼ਕਾਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਧੀਆ ਢੰਗ ਨਾਲ ਕੀਤੀ ਗਈ।

ਇਸ ਸਮੇਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵਿੱਚੋਂ ਮਿਸ ਫੇਅਰਵੈੱਲ ਅਤੇ ਮਿਸਟਰ ਫੇਅਰਵੈੱਲ ਕ੍ਰਮਵਾਰ ਜਸਨਪ੍ਰੀਤ ਕੌਰ ਤੇ ਹਰਪ੍ਰੀਤ ਸਿੰਘ ਚੁਣੇ ਗਏ। ਇਨ੍ਹਾਂ ਨੂੰ ਸਕੂਲ ਦੇ ਪ੍ਰਬੰਧਕਾਂ ਤੇ ਵਿਦਿਆਰਥੀਆਂ ਵੱਲੋਂ ਸਨਮਾਨਤ ਕੀਤਾ ਗਿਆ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦਾ ਵੀ ਸਨਮਾਨ ਕੀਤਾ।

ਇਸ ਸਮੇਂ ਡਾਇਰੈਕਟਰ ਸਸੀ ਜੈਨ ਨੇ ਵਿਦਿਆਰਥੀਆਂ ਨੂੰ ਦ੍ਰਿੜਤਾ ਨਾਲ ਅੱਗੇ ਵਧਣ ਤੇ ਸਮਾਜ ਦੀ ਸੇਵਾ ਕਰਨ ਅਤੇ ਚੰਗੇ ਭਵਿੱਖ ਲਈ ਪ੍ਰੇਰਿਤ ਕੀਤਾ। ਪ੍ਰਿੰ. ਮੈਡਮ ਸੁਪ੍ਰਿਆ ਖੁਰਾਨਾ ਨੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਵਧਾਈਆਂ ਦਿੱਤੀਆਂ ਅਤੇ ਚੰਗਾ ਸਮਾਜ ਸਿਰਜਣ ਲਈ ਕਿਹਾ।

ਮੰਚ ਦੀ ਭੂਮਿਕਾ ਗਿਆਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਅੰਜਲੀ, ਕਨਿਸਕਾ, ਮੁਸਕਾਨ ਤੇ ਅੰਕਿਤਾ ਦੁਆਰਾ ਵਧੀਆ ਢੰਗ ਨਾਲ ਨਿਭਾਈ ਗਈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸਨ।

ਮਾਂ ਬੋਲੀ ਦਿਵਸ ਮੌਕੇ ਸਪੀਕਰ ਹੋਣਗੇ ਮੁੱਖ ਮਹਿਮਾਨ

ਬਾਘਾਪੁਰਾਣਾ (ਮਨੀ ਸਿੰਗਲਾ) ਆਪਣਾ ਪੰਜਾਬ ਫਾਊਂਡੇਸ਼ਨ, ਜੋ ਸਿਹਤ, ਸਿੱਖਿਆ ਅਤੇ ਵਾਤਾਵਰਣ ਦੀ ਸੰਭਾਲ ਨੂੰ ਲੈ ਕੇ ਸਰਗਰਮ ਹੈ ਤੇ ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ 21 ਫਰਵਰੀ ਨੂੰ ਲੁਧਿਆਣਾ ਵਿਖੇ ਕੌਮਾਂਤਰੀ ਮਾਂ ਬੋਲੀ ਦਿਵਸ ਮਨਾਇਆ ਜਾ ਰਿਹਾ ਹੈ।

ਫਾਊਂਡੇਸ਼ਨ ਦੇ ਫਾਊਂਡਰ ਡਾ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਕੌਮਾਂਤਰੀ ਮਾਂ ਬੋਲੀ ਦਿਵਸ ਦੇ ਮੌਕੇ ਮਾਂ

page-6-16-(FEB)-2023-G-(BV).qxd 2/15/2023 10:54 PM Page 1

ਨਗਰ ਕੌਂਸਲ ਡੇਰਾ ਬਾਬਾ ਨਾਨਕ ਨੇ ਦੁਕਾਨਾਂ ਦੀ ਖੁੱਲ੍ਹੀ ਬੋਲੀ ਕਰਵਾਈ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਨੂੰ ਲੈ ਕੇ ਅੱਜ ਨਗਰ ਕੌਂਸਲ ਡੇਰਾ ਬਾਬਾ ਨਾਨਕ ਵੱਲੋਂ ਭਾਰੀ ਸੁਰੱਖਿਆਂ ਹੇਠ ਤਹਿਸੀਲਦਾਰ ਸੰਦੀਪ ਕੁਮਾਰ ਦੀ ਅਗਵਾਈ ਵਿੱਚ ਮੇਲੇ ਮੌਕੇ ਲੱਗਣ ਵਾਲੀਆਂ ਦੁਕਾਨਾਂ ਦੀ ਖੁੱਲ੍ਹੀ ਬੋਲੀ ਕਰਵਾਈ ਗਈ। ਇਸ ਮੌਕੇ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਕਾਰਜ ਸਾਧਕ ਅਫਸਰ ਜਤਿੰਦਰ ਮਹਾਜਨ ਵੀ ਮੌਜੂਦ ਸਨ । ਇਸ ਮੌਕੇ ਸਥਾਨਕ ਲੋਕਾਂ ਤੋਂ ਇਲਾਵਾ ਮੇਲੇ ਵਿੱਚ ਬਾਹਰ ਤੋਂ ਆ ਕੇ ਦੁਕਾਨਾਂ ਲਗਾਉਣ ਵਾਲੇ ਦੁਕਾਨਦਾਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਬੋਲੀ ਵਿੱਚ ਹਿੱਸਾ ਲਿਆ। ਇਨ੍ਹਾਂ ਦੁਕਾਨਾਂ ਦੀ ਖੁੱਲ੍ਹੀ ਬੋਲੀ ਕਰਵਾਉਣ ਤੋਂ ਪਹਿਲਾਂ ਨਗਰ ਕੌਂਸਲ ਦੇ ਜੇਈ ਮਨਪ੍ਰੀਤ ਸਿੰਘ ਬਦੇਸਾ ਵੱਲੋਂ ਬੋਲੀ ਦੇਣ ਵਾਲਿਆਂ ਕੋਲੋਂ ਦਸ-ਦਸ ਹਜ਼ਾਰ ਰੁਪਏ ਨਗਦ ਸਕਿਓਰਟੀ ਜਮ੍ਹਾਂ ਕਰਵਾਈ ਗਈ ।

ਇਸ ਮੌਕੇ ਗੁਰਪ੍ਰੀਤ ਸਿੰਘ ਠੇਠਰਕੇ ਨੇ ਪੁਰਾਤਨ ਗੁਰਦੁਆਰਾ ਚੋਲਾ ਸਾਹਿਬ ਨੇੜੇ 18 ਦੁਕਾਨਾਂ ਦੇ ਇੱਕ ਲੱਖ 58 ਹਜ਼ਾਰ ਰੁਪਏ, ਹਰਿੰਦਰ ਸਿੰਘ ਡੇਰਾ ਨੇ ਸੀ-ਪਾਈਟ ਕੈਂਪ ਨੇੜੇ ਤੇਰਾਂ ਦੁਕਾਨਾਂ ਦੇ ਇੱਕ ਲੱਖ ਰੁਪਏ, ਕਰਮ ਗੈਂਦ ਨੇ ਮੰਦਿਰ ਭੰਡੋਆ ਨੇੜੇ ਪੰਜ ਦੁਕਾਨਾਂ 40 ਹਜ਼ਾਰ ਰੁਪਏ, ਅਵਤਾਰ ਸਿੰਘ ਛੇਹਰਾਟਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਦੀ ਕੰਧ ਨੇੜੇ 29 ਅੱਡਿਆਂ ਦੇ ਇੱਕ ਲੱਖ 20 ਹਜ਼ਾਰ ਰੁਪਏ, ਕਰਮ ਸਿੰਘ ਨੇ ਹਸਪਤਾਲ ਕੰਧ ਨੇੜੇ 13 ਅੱਡਿਆਂ ਦੇ 66 ਹਜ਼ਾਰ 500 ਸੌ ਰੁਪਏ ਅਤੇ ਕਮੇਟੀ ਘਰ ਕੰਧ ਨੇੜੇ 11 ਅੱਡਿਆਂ ਦੇ 72500 ਰੁਪਏ, ਰਜਤ ਮਰਵਾਹਾ ਨੇ ਰੇੜੀ ਮਾਰਕੀਟ ਨਜ਼ਦੀਕ ਪੰਘੂੜੇ 30500 ਰੁਪਏ, ਮਨਦੀਪ ਸਿੰਘ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸਕੂਲ ਦੇ ਬਾਹਰ ਵਾਲੀਆਂ ਦੁਕਾਨਾਂ ਦੀ 1 ਲੱਖ 69 ਹਜ਼ਾਰ ਰੁਪਏ ਵੱਧ ਬੋਲੀ ਦੇ ਕੇ ਜਗ੍ਹਾ ਆਪਣੇ ਨਾਮ ਕਰਵਾਈ ਗਈ।

ਜ਼ਿਕਰਯੋਗ ਹੈ ਕਿ ਬੋਲੀ ਦੇਣ ਮੌਕੇ ਕੁਝ ਲੋਕਾਂ ਵੱਲੋਂ ਨਗਰ ਕੌਂਸਲ ਖਿਲਾਫ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਕਲਰਕ ਬਲਜਿੰਦਰ ਸਿੰਘ, ਕਲਰਕ ਟਹਿਲ ਸਿੰਘ, ਅਕਾਊਂਟੈਂਟ ਰਾਕੇਸ਼ ਸ਼ਰਮਾ, ਅਕਾਊਂਟੈਂਟ ਮੈਡਮ ਸੋਨੂੰ, ਰਾਮ ਨਾਥ, ਬਲਦੇਵ ਰਾਜ ਡਾਇਮੰਡ, ਮਾਸਟਰ ਓਮ ਪ੍ਰਕਾਸ਼, ਰਜਤ ਮਰਵਾਹਾ ਅਤੇ ਹੈਪੀ ਬੇਦੀ ਆਦਿ ਹਾਜ਼ਰ ਸਨ।

ਸਹਾਰਾ ਫਾਊਂਡੇਸ਼ਨ ਵੱਲੋਂ ਹੈਲਥ ਕੈਂਪ 19 ਨੂੰ

ਸੰਗਰੂਰ (ਪ੍ਰਵੀਨ ਸਿੰਘ) ਸਹਾਰਾ ਫਾਊਂਡੇਸ਼ਨ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ 19 ਫਰਵਰੀ ਐਤਵਾਰ ਨੂੰ ਸਹਾਰਾ ਹੈਲਥ ਕੈਂਪ ਲਗਾਇਆ ਜਾ ਰਿਹਾ ਹੈ। ਸਰਬਜੀਤ ਸਿੰਘ ਰੇਖੀ ਚੇਅਰਮੈਨ ਅਤੇ ਡਾ. ਦਿਨੇਸ਼ ਗਰੋਵਰ ਡਾਇਰੈਕਟਰ ਮੈਡੀਕਲ ਵਿੰਗ ਨੇ ਦੱਸਿਆ ਕਿ ਸਹਾਰਾ ਜਨ ਸੇਵਾ ਅਭਿਆਨ ਦੀ ਲੜੀ ਵਿੱਚ ਸਿਹਤ ਤੰਦਰੁਸਤੀ ਦੇ ਮੰਤਵ ਨੂੰ ਮੁੱਖ ਰੱਖਦਿਆਂ ਡਾ. ਪਰਮਿੰਦਰ ਕੌਰ ਸਿਵਲ ਸਰਜਨ ਅਤੇ ਡਾ. ਕਿਰਪਾਲ ਸਿੰਘ ਸੀਨੀਅਰ ਮੈਡੀਕਲ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਵੇਰੇ 9 ਵਜੇ ਤੋਂ ਦੁਪਹਿਰ 1.00 ਵਜੇ ਤੱਕ ਲਗਾਏ ਜਾ ਰਹੇ ਇਸ ਕੈਂਪ ਸੰਬੰਧੀ ਜਤਿੰਦਰ ਜੋਰਵਾਲ ਡਿਪਟੀ ਕਮਿਸ਼ਨਰ ਨੂੰ ਸਹਾਰਾ ਟੀਮ ਵੱਲੋਂ ਕੈਂਪ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਗਈ ਹੈ। ਉਨ੍ਹਾਂ ਨੇ ਸਹਾਰਾ ਦੇ ਇਸ ਕਾਰਜ ਦੀ ਸਰਾਹਨਾ ਕੀਤੀ ਅਤੇ ਸ਼ਹਿਰ ਨਿਵਾਸੀਆਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੁਨੇਹਾ ਦਿੱਤਾ। ਨਰਿੰਦਰ ਸਿੰਘ ਬੱਬੂ ਕਨਵੀਨਰ ਜਨ ਸੇਵਾ ਅਭਿਆਨ ਅਤੇ ਡਾ. ਸੁਮਿੰਦਰ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਵੱਖ ਵੱਖ ਬਿਮਾਰੀਆਂ ਸੰਬੰਧੀ ਸਿਵਲ ਹਸਪਤਾਲ ਸੰਗਰੂਰ ਦੇ ਡਾ. ਹਰਬੰਸ ਸਿੰਘ (ਹੱਡੀਆਂ ਅਤੇ ਜੋੜਾਂ ਦੇ ਮਾਹਰ,) ਡਾ. ਤਰੁਨ ਅਹੂਜਾ (ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਰ), ਡਾ. ਕੰਵਲਪ੍ਰੀਤ ਕੌਰ (ਸ਼ੂਗਰ,ਬੀਪੀ ਦੇ ਮਾਹਰ) ਤੋਂ ਇਲਾਵਾ ਡਾ. ਪਰਮਜੀਤ ਸਿੰਘ (ਅੱਖਾਂ ਦੇ ਮਾਹਰ), ਡਾ. ਜੂਹੀ ਗੋਇਲ (ਔਰਤਾਂ ਦੇ ਰੋਗਾਂ ਦੇ ਮਾਹਰ), ਡਾ. ਗਿਤੀਕਾ ਗੇਰਾ ਆਹੂਜਾ (ਚਮੜੀ ਦੇ ਰੋਗਾਂ ਦੇ ਮਾਹਰ), ਡਾ. ਪਾਵੇਲ ਸਿੰਘ ਜਟਾਣਾ (ਦਿਮਾਗੀ ਰੋਗਾਂ ਦੇ ਮਾਹਰ,) ਡਾ. ਦੀਪਕ ਢੀਂਗਰਾ ਫਿਜ਼ੀਓਥਰੈਪੀ ਮਾਹਰ, ਡਾ. ਐਨ ਕੇ ਗਰੋਵਰ (ਡਾਇਟੀਸ਼ੀਅਨ), ਡਾ. ਹਰਸਿਮਰਨ ਕੌਰ ਮਰੀਜ਼ਾਂ ਦਾ ਨਿਰੀਖਣ ਕਰਨਗੇ। ਸੁਰਿੰਦਰ ਪਾਲ ਸਿੰਘ ਸਿਦਕੀ ਕੋਆਰਡੀਨੇਟਰ ਅਤੇ ਸੁਭਾਸ਼ ਕਰਾੜੀਆ ਨੇ ਜਾਣਕਾਰੀ ਦਿੱਤੀ ਕਿ ਟੈਸਟ ਜੋ 1000/- ਰੁਪਏ ਵਿੱਚ ਹੁੰਦਾ ਹੈ ਉਹ ਕੈਂਪ ਵਿੱਚ ਬਿਲਕੁਲ ਮੁਫਤ ਕੀਤਾ ਜਾਵੇਗਾ। ਅੱਖਾਂ ਦੇ ਚੈੱਕਅੱਪ ਉਪਰੰਤ ਲੋੜਵੰਦਾਂ ਨੂੰ ਐਨਕਾਂ ਫਰੀ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ ਕਾਲਾ ਪੀਲੀਆ ਤੇ ਸ਼ੂਗਰ ਦੇ ਟੈਸਟ ਫਰੀ ਕੀਤੇ ਜਾਣਗੇ। ਇਸ ਕੈਂਪ ਦੀ ਰਜਿਸਟ੍ਰੇਸ਼ਨ ਸ਼ਹਿਰ ਦੇ ਵੱਖ ਵੱਖ ਡਾਕਟਰ ਸਾਹਿਬਾਨ ਦੇ ਮੈਡੀਕਲ ਹਾਲ 'ਤੇ ਸ਼ੁਰੂ ਹੋ ਚੁੱਕੀ ਹੈ। ਇਸ ਮੌਕੇ ਵਰਿੰਦਰਜੀਤ ਸਿੰਘ ਬਜਾਜ, ਗੁਰਤੇਜ ਖੇਤਲਾ, ਕਾਮਨੀ ਜੈਨ, ਪੰਕਜ ਬਾਵਾ, ਮੁਕੇਸ਼ ਕੁਮਾਰ ਆਦਿ ਹਾਜ਼ਰ ਸਨ।

ਹਰੀਕੇ ਰੱਖ ਵਿਖੇ ਪੰਛੀਆਂ ਦਾ ਤਿਉਹਾਰ ਅੱਜ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਸਰਕਾਰ ਵੱਲੋਂ ਚੌਥਾ ਰਾਜ ਪੱਧਰੀ ਪੰਛੀਆਂ ਦਾ ਤਿਉਹਾਰ ਅੱਜ ਹਰੀਕੇ ਪੱਤਣ ਵਿਖੇ ਮਨਾਇਆ ਜਾ ਰਿਹਾ ਹੈ ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਵਣ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਸ਼ਿਰਕਤ ਕਰਨਗੇ ਜਦੋਂਕਿ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵਿਸ਼ੇਸ਼ ਮਹਿਮਾਨ ਹੋਣਗੇ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਣ ਰੇਂਜ ਅਧਿਕਾਰੀ ਕਮਲਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਚੌਥਾ ਰਾਜ ਪੱਧਰੀ ਪੰਛੀਆਂ ਦਾ ਤਿਉਹਾਰ ਹਰੀਕੇ ਪੱਤਣ ਦੇ ਨਹਿਰੀ ਵਿਸ਼ਰਾਮ ਘਰ ਦੇ ਖੁੱਲ੍ਹੇ ਵਿਹੜੇ ਵਿਚ 16 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ ਜਿਸ ਵਿਚ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਅਤੇ ਜੰਗਲਾਤ ਵਿਭਾਗ ਦੇ ਉੱਚ ਅਧਿਕਾਰੀ ਸ਼ਿਰਕਤ ਕਰਨਗੇ। ਉਨ੍ਹਾਂ ਕਿਹਾ ਕਿ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਣ ਵਾਲੇ ਇਸ ਪ੍ਰੋਗਰਾਮ ਵਿਚ ਪੰਛੀ ਪ੍ਰਦਰਸ਼ਨੀ, ਵਰਕਸ਼ਾਪ, ਗਾਈਡਡ ਬਰਡ ਫਾਰ ਟੂਰਜ਼ ਦੇ ਨਾਲ-ਨਾਲ ਫੋਟੋਗ੍ਰਾਫੀ, ਪੇਂਟਿੰਗ, ਵੀਡੀਓਗ੍ਰਾਫੀ, ਕਿਸ਼ਤੀਆਂ ਦੀ ਦੌੜ ਅਤੇ ਕੁਇਜ਼ ਮੁਕਾਬਲੇ ਕਰਵਾਏ ਜਾਣਗੇ। ਪੰਛੀਆਂ ਸਬੰਧੀ ਜਾਣਕਾਰੀ ਅਤੇ ਪ੍ਰਣ ਮੁਹਿੰਮ ਤਹਿਤ ਦਸਤਖਤ ਅਤੇ ਯਾਦਗਾਰੀ ਸੈਲਫੀ ਦੀ ਸਹੂਲਤ ਵੀ ਹੋਵੇਗੀ। ਉਨ੍ਹਾਂ ਪੰਜਾਬ ਵਾਸੀਆਂ ਨੂੰ ਹੁੰਮ-ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ।

Public Notice

I, (Current name in Passport) Shiva holder of Indian Passport No. T9188939 having Permanent Address Punjab, India-143521 Residing in Kuwait at Present, hereby declare that henceforth my name will be Read as under : Given name Shiva and Surname Madan Lal. (Dogra)

I, (Current name in Passport) Lovepreet Singh holder of Indian Passport No. P5084914 having Permanent Address Punjab, India-143602 Residing in Kuwait at Present, hereby declare that henceforth my name will be Read as under : Given name Lovepreet and Surname Balkar Singh. (Dogra)

Court Notice

In the Court of Ms. Parminder Kaur Civil Judge (Senior Division), SBS Nagar.
CNR No. PBSB02-000062-2020
Next Date : 6.3.2023
Punjab and Sind Bank
Versus
M/S M and M Brick Kiln Udoyog Samiti and ors.
Execution u/o 21 rule 11 CPC
Notice to : 1. Ms M & M Brick Kiln Udoyog Samiti, its Business at Vill. Majhoor, Tehsil Nawanshahr, Distt. SBS Nagar through its President Sh. Ram Lubhaya S/o Bhagat Ram R/o H.No. R-10/238/1, Dr. Ambedkar Nagar, Nawanshahr 2. Bhim Singh S/o Darshan Ram C/o M/s M & M Brick Kiln Udoyog Samiti, its Business at Vill. Majhoor, Tehsil Nawanshahr, Distt. SBS Nagar.
In above titled case, the Judgment debtors could not be served. It is ordered that Judgment debtors should appear in person or through counsel on 6.3.2023 at 10.00 a.m.
For details logon to https://highcourtchd.gov.in/?trs=district notice&district=sbsnagar
Given under my hand and the seal of the court, this 14.2.2023
Civil Judge SBS Nagar.

Court Notice

In the Court of Ms. Satwinderjit Kaur Civil Judge (Junior Division), Gurdaspur.
CNR No. PBGD02-000593-2019
Next Date : 14.3.2023
Avtar Singh
Versus
Bua Ditta
Publication issued to : JDNo. 2. Diwan Singh (Deceased) S/o Ishar Singh through his Legal Heirs : (a) Sukhwinder Singh S/o Diwan Singh S/o Ishar Singh (b) Lakhwinder Kaur D/o Diwan Singh S/o Ishar Singh Both R/o Vill. Bagrain Tehsil and Distt. Gurdaspur. At present Kapurthala Tehsil and Distt. Kapurthala.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 14.3.2023 at 10.00 a.m.
For details logon to https://highcourtchd.gov.in/?trs=district notice & district=Gurdaspur
Civil Judge (Junior Division), Gurdaspur.
Dated, this day of 14.2.2023

Court Notice

In the Court of Ms. Rashmi Sharma CAMP COURT AT PHILLAUR Addl. Principal Judge Family Court-1, Jalandhar.
CNR No. PBJL01-008490-2022
Next Date : 11.4.2023
Raj Kanwal Singh S/o Jagjeet Singh R/o Vill. Bara Pind, Tehsil Phillaur Distt. Jalandhar.
Versus
No. 1. Priyanka W/o Raj Kanwal Singh D/o Ram Singh R/o Vill. Bara Pind, Tehsil Phillaur, Distt. Jalandhar at present R/o Kothi P.O. Talyana, Tehsil Ghumarwin, Distt. Bilaspur, Himachal Pardesh.
Publication issued to : No. 2 General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 11.4.2023 at 10.00 a.m.
For details logon to https://highcourtchd.gov.in/?trs=district notice&district=Jalandhar
Addl. Principal Judge Family Court-1
Camp Court at Phillaur
Dated, this day of 24.1.2023

Court Notice

In the Court of Baljinder Kaur Mann Sub Divisional Judicial Magistrate, Nakodar.
CNR No. PBJLA1-001474-2019
Next Date : 5.4.2023
Sukhjinder Kaur
Versus
Rajbir Singh
Publication issued to Rajbir Singh S/o Ajit Singh R/o Vill. Bhardwajia Tehsil Phillaur, Distt. Jalandhar.
In above titled case, the accused could not be served. It is ordered that accused should appear in person or through counsel on 5.4.2023 at 10.00 a.m.
For details logon to https://highcourtchd.gov.in/?trs=district notice&district=Jalandhar
Sub Divisional Judicial Magistrate, Nakodar.
Dated, this day of 9.2.2023

ਨੋਟਿਸ

ਦੀ ਸਰਾਏਖਾਸ ਕੋਆਪ: ਐਗਰੀ: ਮਲਟੀ ਸਰਵਿਸ ਸਭਾ ਲਿਮ. ਜਲੰਧਰ ਦੇ ਸਾਰੇ ਹਿੱਸੇਦਾਰਾਂ/ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਏ ਜਾਣ ਲਈ ਸਭਾ ਦੇ ਸਕੱਤਰ ਵੱਲੋਂ ਹਲਕਾ ਨਰੀਖਕ ਸ ਸ ਕਲਿਆਣਪੁਰ ਰਾਹੀਂ ਜ਼ੋਨਲ ਲਿਸਟਾਂ ਇਸ ਦਫਤਰ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਹਨ, ਜੋ ਕਿ ਸਭਾ ਦੇ ਦਫਤਰ ਅਤੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਪ੍ਰਵਾਨਗੀ ਬਾਰੇ ਕਿਸੇ ਵੀ ਮੈਂਬਰ/ਹਿੱਸੇਦਾਰ ਨੂੰ ਜੇ ਕੋਈ ਇਤਰਾਜ਼ ਹੋਵੇ ਜਾਂ ਲਿਸਟ ਵਿੱਚ ਨਾਂਅ ਸ਼ਾਮਲ ਨਾ ਕੀਤਾ ਗਿਆ ਹੋਵੇ ਤਾਂ ਉਹ ਆਪਣਾ ਇਤਰਾਜ਼ ਮਿਤੀ 01.03.2023 ਤੱਕ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ-2 (ਦੀ ਜਲੰਧਰ ਕੋਂਦਰੀ ਸਹਿਕਾਰੀ ਬੈਂਕ ਲਿਮ. ਜਲੰਧਰ ਦੀ ਚੌਥੀ ਮੰਜ਼ਲ) ਦੇ ਦਫਤਰ ਵਿੱਚ ਦੇ ਸਕਦੇ ਹਨ। ਇਨ੍ਹਾਂ ਇਤਰਾਜ਼ਾਂ ਦੀ ਸੁਣਵਾਈ ਮਿਤੀ 02.03.2023 ਨੂੰ ਸਵੇਰੇ 11.00 ਵਜੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕੀਤੀ ਜਾਵੇਗੀ। ਸੁਣਵਾਈ ਸਮੇਂ ਹਾਜ਼ਰ ਹੋ ਕੇ ਆਪਣਾ ਪੱਖ/ਸਬੂਤ ਪੇਸ਼ ਕੀਤਾ ਜਾਵੇ। ਇਸ ਉਪਰੰਤ ਜ਼ੋਨਾਂ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ।

(ਰੋਹਿਤ ਕੁਮਾਰ ਰਤਨ)
ਪੀ ਸੀ ਐੱਸ-II
ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ-2

Court Notice

In the Court of Gurmohan Singh Addl. District and Session Judge, Amritsar.
CNR No. PBAS01-012966-2022
Next Date : 11.5.2023
Antara Mahajan W/o Sarabjot Singh D/o Late Rajinder Kumar @ Rajinder Mahajan R/o H.No. 2/31, Dashmesh Avenue, Focal Point, Link Road, Amritsar at present 77 Strathaird Drive Narre Warren South VIC 3805, Australia, through her power of attorney holder Sh. Vimal Kishore S/o Jagdish Raj R/o H.No. 1355/2, 3, Husainpura, Amritsar.
Claimants/Petitioners
Versus
David S/o Gopal and others
Respondents
Petition U/S 166 of the Motor Vehicle Act
Publication issued to : David S/o Gopal R/o H.No. 169 Ward No. 1, Gawal Mandi, Ferozepur and at present Gali No. 8, Maqboolpura, Mehta Road, Amritsar (Driver of offending Vehicle i.e. Truck Tipper Bearing registration no. PB-02-BS-9913)
In above titled case, the respondent could not be served. It is ordered that respondent should appear in person or through counsel on 11.5.2023 at 10.00 a.m.
For details logon to https://highcourtchd.gov.in/?trs=district notice&district=Amritsar.
Given under my hand and the seal of the court, this 14.2.2023
Addl. District and Session Judge, Amritsar.

Court Notice

In the Court of Sh. Vijay Singh Dadwal Civil Judge (Junior Division), Barnala.
CNR No. PBBR02-002530-2019
Next Date : 10.3.2023
Paramjit Singh
Versus
Daljit Singh
Publication issued to : Lr of Defendant No. 1 B) Swaranjit Kaur D/o Daljit Singh S/o Mahinder Singh R/o Naiwala, Now W/o Jatinder Singh S/o Kala Singh R/o Near Jhansi Rani Chowk, Jagraon C) Kamaljit Kaur D/o Daljit Singh S/o Mahinder Singh R/o Naiwala, now W/o Yadwinder Singh S/o Jagsir Singh, Near Lake, Bathinda.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.3.2023 at 10.00 a.m.
For details logon to https://highcourtchd.gov.in/?trs=district notice&district=Barnala
Civil Judge (Junior Division), Barnala.
Dated, this day of 27.1.2023

ਉਤਰ ਰੇਲਵੇ

ਸ਼ੁਧੀ ਪੱਤਰ

ਐਸਟੀਬੀਏ ਦੇ ਲਈ ਆਵੇਦਨ ਨਿਵਿਦਾ ਸੂਚਨਾ ਨੰ. MC/47023/STBA/Tenders/2022 ਮਿਤੀ 09.01.2023, ਜੋ ਕਿ ਮਿਤੀ 28.01.2023 ਨੂੰ ਪ੍ਰਕਾਸ਼ਿਤ ਹੋਇਆ ਸੀ ਅਤੇ ਮਿਤੀ 20.02.2023 ਨੂੰ ਖੋਹਲਿਆ ਜਾਣਾ ਸੀ, ਸਟੇਸ਼ਨਾਂ ਦੀ ਸੂਚੀ ਵਿਚ ਸੰਸ਼ੋਧਨ ਕੀਤਾ ਗਿਆ ਹੈ। ਮਦ ਸੰਖਿਆ 15 ਅਤੇ ਮਦ ਸੰਖਿਆ 16 ਯਾਨੀ ਪਠਾਨਕੋਟ ਅਤੇ ਕਠੂਆ ਰੇਲਵੇ ਸਟੇਸ਼ਨਾਂ ਨੂੰ ਸੂਚੀ ਤੋਂ ਹਟਾ ਦਿਤਾ ਗਿਆ ਹੈ। ਦੋਵੇਂ ਸਟੇਸ਼ਨਾਂ ਦੇ ਲਈ ਆਵੇਦਨਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਕਿਉਂਕਿ ਦੋਵੇਂ ਸਟੇਸ਼ਨਾਂ ਨੂੰ ਵਾਪਸ ਲੈ ਲਿਆ ਗਿਆ ਹੈ। ਰੇਲਵੇ ਦੀ ਵੈਬਸਾਈਟ nr.indianrailways.gov.in 'ਤੇ ਉਪਲਬਧ ਨਿਵਿਦਾ ਦਸਤਾਵੇਜਾਂ ਵਿਚ ਨਿਹਿਤ ਬਾਕੀ ਸ਼ਰਤਾਂ/ਨਿਰਦੇਸ਼ ਅਤੇ ਨਿਵਿਦਾ ਸੂਚਨਾ ਨੰਬਰ। MC/47023/STBA/Tenders/2022 ਮਿਤੀ 09.01.2023, ਜੋ ਕਿ ਮਿਤੀ 28.01.2023 ਨੂੰ ਪ੍ਰਕਾਸ਼ਿਤ ਹੋਇਆ ਸੀ, ਸਮਾਨ ਹਨ। ਬੋਲੀਆਂ ਕੇਵਲ ਮੁਹਰਬੰਦ ਨਿਵਿਦਾਵਾਂ ਵਿਚ ਵਾਣਿਜ ਸ਼ਾਖਾ, ਡੀ.ਆਰ.ਐਮ. ਦਫਤਰ, ਫਿਰੋਜਪੁਰ ਛਾਉਣੀ ਵਿਚ ਮਿਤੀ 20.02.2023 ਨੂੰ 10:00 ਤੋਂ 15:00 ਵਜੇ ਦੇ ਵਿਚ ਪ੍ਰਾਪਤ ਕੀਤੇ ਜਾਣਗੇ। ਵਧੇਰੇ ਜਾਣਕਾਰੀ ਰੇਲਵੇ ਦੀ ਵੈਬਸਾਈਟ nr.indianrailways.gov.in 'ਤੇ ਉਪਲਬਧ ਹੈ। No.: MC/47000/STBA/Policy/2022 Date : 15.02.2023 480/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Public Notice

I, Shivam Aggarwal S/o Ajay Kumar R/o H.No. 32, Defence Colony, Ext. Near Convent Girl School, Jalandhar, declare in some of my documents my father name is wrongly written as Ajay Aggarwal & my mother name as Shallu Aggarwal. My father correct name is Ajay Kumar & my mother correct name is Shallu Gupta. Please note. (Contact)

ਆਮ ਸੂਚਨਾ

ਮੈਂ, ਬਲਵਿੰਦਰ ਕੌਰ ਪਤਨੀ ਲੇਟ ਹਰਜਿੰਦਰ ਸਿੰਘ ਮਕਾਨ, ਜਿਸ ਦਾ ਖਾਨਾ ਸੁਮਾਰੀ 2219/3 ਸਾਬਕਾ, 2075/111-27 ਜਦੀਦ ਅਤੇ ਨਵੀਂ ਚਿੱਟੀ ਪਲੇਟ ਨੰ. 240, ਕੁੱਲ ਰਕਬਾ 51 ਵਰਗ ਗਜ਼, ਗਲੀ ਕਬੋਅ ਨੰ. 2, ਕੁੱਚਾ ਤਰਖਾਨ, ਪੁਰਾਣੀ ਲੱਕੜ ਮੰਡੀ, ਅੰਮ੍ਰਿਤਸਰ ਦੀ ਰਜਿਸਟਰੀ ਕਿਧਰੇ ਗੁੰਮ ਹੋ ਗਈ ਹੈ, ਜੇਕਰ ਇਹ ਰਜਿਸਟਰੀ ਕਿਸੇ ਨੂੰ ਮਿਲੇ ਤਾਂ 8146979426 'ਤੇ ਸੰਪਰਕ ਕਰਨ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ ਨੰਬਰ AP07/0296N ਜੋਗਿੰਦਰ ਸਿੰਘ ਅਤੇ AP07/1093W ਰਛਪਾਲ ਸਿੰਘ ਦੇ ਨਾਂਅ ਨੂੰ ਗੁਰਇਕਬਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਭੈਣੀ ਮੀਆਂ ਖਾਂ ਨੇ ਆਪਣੇ ਨਾਂਅ

16-FEB-PAGE-7.qxd 2/15/2023 10:50 PM Page 1

ਤਿੰਨ ਦਿਨ ਤੋਂ ਪਤਨੀ ਦੀ ਲਾਸ਼ ਨਾਲ ਰਹਿ ਰਿਹਾ ਸੀ ਪਤੀ

ਮੋਗਾ (ਅਮਰਜੀਤ ਬੱਬਰੀ) : ਸਥਾਨਕ ਪਹਾੜਾ ਚੌਕ ਮੋਗਾ ਵਿੱਚ ਇੱਕ ਪੁਰਾਣੇ ਪੱਤਰਕਾਰ ਰੋਹਿਤ ਸ਼ਰਮਾ ਦੇ ਘਰ ਇੱਕ ਸ਼ੱਕੀ ਔਰਤ ਦੀ ਤਿੰਨ ਦਿਨ ਪੁਰਾਣੀ ਲਾਸ਼ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਨੂੰ ਲੈ ਕੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ। ਪੁਲਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਸਮਾਜ ਸੇਵੀ ਸੰਸਥਾ ਦੇ ਸਹਿਯੋਗ ਨਾਲ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਰਕਾਰੀ ਹਸਪਤਾਲ 'ਚ ਪੋਸਟਮਾਰਟਮ ਲਈ ਰਖਵਾਇਆ ਗਿਆ ਹੈ। ਪਤੀ ਤਿੰਨ ਦਿਨਾਂ ਤੋਂ ਲਾਸ਼ ਨਾਲ ਰਹਿ ਰਿਹਾ ਸੀ। ਇਸ ਦੌਰਾਨ ਕਿਸੇ ਨੇ ਵੀ ਉਸ ਦੇ ਘਰ ਦਾ ਦਰਵਾਜ਼ਾ ਖੁੱਲ੍ਹਾ ਨਹੀਂ ਦੇਖਿਆ। ਔਰਤ ਦੀ ਸੱਸ ਆਪਣੇ ਪੇਕੇ ਘਰ ਗਈ ਹੋਈ ਸੀ। ਮੰਗਲਵਾਰ ਸਵੇਰੇ ਕਈ ਵਾਰ ਫੋਨ ਕਰਨ ਦੇ ਬਾਵਜੂਦ ਬੇਟੇ ਰੋਹਿਤ ਨੇ ਮਾਂ ਦਾ ਫੋਨ ਨਹੀਂ ਚੁੱਕਿਆ ਤਾਂ ਉਸ ਨੇ ਗੁਆਂਢ 'ਚ ਕੈਮਿਸਟ ਦੀ ਦੁਕਾਨ ਚਲਾਉਣ ਵਾਲੇ ਸੋਨੀ ਨੂੰ ਘਰ ਭੇਜਿਆ। ਪਹਿਲਾਂ ਤਾਂ ਰੋਹਿਤ ਦਰਵਾਜ਼ਾ ਖੋਲ੍ਹਣ ਲਈ ਤਿਆਰ ਨਹੀਂ ਸੀ, ਬਾਅਦ ਵਿੱਚ ਜਦੋਂ ਗੁਆਂਢੀ ਨੇ ਉਸ ਨੂੰ ਦਰਵਾਜ਼ਾ ਖੋਲ੍ਹਣ ਅਤੇ ਮਾਂ ਨਾਲ ਫੋਨ 'ਤੇ ਗੱਲ ਕਰਨ ਲਈ ਮਜਬੂਰ ਕੀਤਾ ਤਾਂ ਰੋਹਿਤ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਿਆ। ਉਸ ਨੇ ਮਾਂ ਨੂੰ ਫੋਨ 'ਤੇ ਇਹ ਕਹਿੰਦੇ ਹੋਏ ਆਪਣੇ ਢਾਈ ਸਾਲ ਦੇ ਪੁੱਤਰ ਨਾਲ ਫਰਾਰ ਹੋ ਗਿਆ ਕਿ ਉਸ ਦੀ ਪਤਨੀ ਮੋਨਿਕਾ ਉਸ ਤੋਂ ਨਰਾਜ਼ ਹੋ ਕੇ ਥਾਣਾ ਸਿਟੀ ਉਸ ਦੀ ਸ਼ਿਕਾਇਤ ਕਰਨ ਗਈ ਹੈ। ਇਹ ਕਹਿ ਕੇ ਰੋਹਿਤ ਦਰਵਾਜ਼ਾ ਖੋਲ੍ਹ ਕੇ ਘਰੋਂ ਚਲਾ ਗਿਆ। ਦਰਵਾਜ਼ਾ ਖੋਲ੍ਹਣ ਤੋਂ ਬਾਅਦ ਘਰ ਅੰਦਰੋਂ ਬਦਬੂ ਆਉਣ ਲੱਗੀ ਤਾਂ ਗੁਆਂਢੀਆਂ ਨੇ

ਪੁਲਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਦੇ ਹੀ ਥਾਣਾ ਸਾਊਥ ਸਿਟੀ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਕਬਜ਼ੇ 'ਚ ਲੈ ਲਈ। ਇਸ ਮੌਕੇ ਰੋਹਿਤ ਸ਼ਰਮਾ ਦੇ ਪਰਵਾਰ ਦਾ ਕੋਈ ਵੀ ਮੈਂਬਰ ਮੌਜੂਦ ਨਹੀਂ ਸੀ। ਰੋਹਿਤ ਸ਼ਰਮਾ ਦਾ ਵਿਆਹ ਕਰੀਬ ਛੇ-ਸੱਤ ਸਾਲ ਪਹਿਲਾਂ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ਾਹਕੋਟ ਵਿੱਚ ਹੋਇਆ ਸੀ। ਪੁਲਸ ਉਸ ਦੇ ਪਰਵਾਰਕ ਮੈਂਬਰਾਂ ਨਾਲ ਰਾਬਤਾ ਕਾਇਮ ਕਰ ਰਹੀ ਹੈ। ਔਰਤ ਦਾ ਕਤਲ ਹੋਇਆ ਜਾਂ ਖੁਦਕੁਸ਼ੀ, ਇਸ ਬਾਰੇ ਪੁਲਸ ਅਜੇ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹੈ। ਐਸ ਐਚ ਓ ਥਾਣਾ ਸਾਊਥ ਸਿਟੀ ਅਮਨਦੀਪ ਸਿੰਘ ਕੰਬੋਜ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜਾਂਚ ਤੋਂ ਬਾਅਦ ਹੀ ਇਸ ਮਾਮਲੇ ਵਿੱਚ ਕੁਝ ਕਿਹਾ ਜਾ ਸਕਦਾ ਹੈ।

ਡਾ. ਜਸਪ੍ਰੀਤ ਕੌਰ ਨੇ ਸਾਈਕਲ ਰੈਲੀ ਨੂੰ ਦਿੱਤੀ ਹਰੀ ਝੰਡੀ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) :'ਸਵਸਥ ਮਨ ਸਵਸਥ ਘਰ' ਅਧੀਨ ਹੈਲਥ ਐਂਡ ਵੈਲਨਸ ਸੈਂਟਰ ਮਾਛੀਵਾੜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮਾਛੀਵਾੜਾ ਵੱਲੋਂ ਸਾਂਝੀ ਸਾਈਕਲ ਰੈਲੀ ਕੱਢੀ ਗਈ ਜਿਸ ਨੂੰ ਸੀਨੀਅਰ ਮੈਡੀਕਲ ਅਫ਼ਸਰ ਜਸਪ੍ਰੀਤ ਕੌਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਰੈਲੀ ਦਾ ਮਕਸਦ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਗੈਰ ਸੰਚਾਰੀ ਬਿਮਾਰੀਆਂ ਬਾਰੇ ਜਾਣਕਾਰੀ ਦੇਣਾ ਸੀ। ਡਾ. ਜਸਪ੍ਰੀਤ ਕੌਰ ਨੇ ਨੈਸ਼ਨਲ ਡੀਵਰਮਿੰਗ ਦਿਵਸ, ਕੈਂਸਰ ਅਤੇ ਸ਼ੂਗਰ ਬਾਰੇ ਵਿਸਥਾਰ ਵਿਚ ਬੱਚਿਆਂ ਅਤੇ ਲੋਕਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਕੈਂਸਰ ਕੇਵਲ ਇੱਕ ਸ਼ਬਦ ਹੈ ਸਜ਼ਾ ਨਹੀ, ਕੈਂਸਰ ਵਿਰੁੱਧ ਜੰਗ ਵਿਚ ਸਭ ਤੋਂ ਮਹੱਤਵਪੂਰਨ ਹਥਿਆਰ ਬਿਮਾਰੀ ਦੇ ਕਾਰਨਾਂ ਬਾਰੇ ਜਾਗਰੂਕ ਹੋਣਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਮੁੱਖ ਕਾਰਨ ਡੱਬਾਬੰਦ ਭੋਜਨ ਦੀ ਵਰਤੋਂ, ਗਰਮ ਭੋਜਨ ਲਈ ਪਲਾਸਟਿਕ ਦੇ ਬਰਤਨਾਂ ਦੀ ਵਰਤੋਂ, ਇੱਕ ਤੇਲ ਵਿੱਚ ਵਾਰ-ਵਾਰ ਤਲਿਆ ਭੋਜਨ ਖਾਣਾ, ਫਸਲਾਂ ਉੱਤੇ ਕੀਟਨਾਸ਼ਕਾਂ ਦੀ ਵਰਤੋਂ, ਵਾਤਾਵਰਣ ਪ੍ਰਦੂਸ਼ਣ, ਸ਼ਰਾਬ, ਤੰਬਾਕੂ, ਸਿਗਰਟ ਦੀ ਵਰਤੋਂ ਆਦਿ ਨਾਲ ਕੈਂਸਰ ਤੇ ਸ਼ੂਗਰ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਰੈਲੀ ਵਿਚ ਸਤਵੰਤ ਸਿੰਘ, ਗੁਰਪ੍ਰੀਤ ਕੌਰ, ਪ੍ਰਦੀਪ ਸਿੰਘ, ਪ੍ਰਿੰਸੀਪਲ ਡਾ. ਰਜੇਸ਼ ਕੁਮਾਰ, ਨਿਰੰਜਨ ਕੁਮਾਰ ਅਤੇ ਵਿਦਿਆਰਥੀ ਸ਼ਾਮਲ ਸਨ।

ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਕਰਵਾਈ ਦਸਵੀਂ ਸਾਲਾਨਾ ਕਨਵੋਕੇਸ਼ਨ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਦੇਸ਼ ਭਗਤ ਵਿਸ਼ਵਵਿਦਿਆਲਿਆ ਮੰਡੀ ਗੋਬਿੰਦਗੜ੍ਹ ਨੇ 14 ਫਰਵਰੀ ਨੂੰ ਆਪਣੀ ਦਸਵੀਂ ਸਾਲਾਨਾ ਕਨਵੋਕੇਸ਼ਨ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ ਦੇ ਚਾਂਸਲਰ ਡਾ. ਜਗਬੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਡਾ. ਜੋਗਿੰਦਰ ਸਰਮਾ, ਵਾਈਸ ਪ੍ਰੈਜੀਡੈਂਟ, ਇੰਡੀਅਨ ਨਰਸਿੰਗ ਕੌਂਸਲ, ਡਾ. ਟੀ. ਦਲੀਪ ਕੁਮਾਰ, ਪ੍ਰਧਾਨ, ਟੀ.ਐਨ.ਏ.ਆਈ, ਰਾਜਸਥਾਨ ਅਤੇ ਡੀਨ, ਫੈਕਲਟੀ ਆਫ ਨਰਸਿੰਗ, ਆਰ ਯੂ ਐਚ ਐਸ, ਜੈਪੁਰ ਵਿਸ਼ੇਸ਼ ਮਹਿਮਾਨ ਸਨ। ਪ੍ਰੋਗਰਾਮ ਦੀ ਸ਼ੁਰੂਆਤ ਲਾਲ ਸਿੰਘ ਦੇ ਬੁੱਤ ਸ਼ਰਧਾਂਜਲੀ ਦੇ ਕੇ ਕੀਤੀ ਗਈ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਵਾਈਸ-ਚਾਂਸਲਰ ਡਾ: ਵਰਿੰਦਰ ਸਿੰਘ, ਪ੍ਰਧਾਨ ਡਾ. ਸੰਦੀਪ ਸਿੰਘ ਅਤੇ ਉਪ-ਪ੍ਰਧਾਨ ਡਾ: ਹਰਸ਼ ਸਦਾਵਰਤੀ ਨੇ ਮੁੱਖ ਮਹਿਮਾਨ ਡਾ. ਜਗਬੀਰ ਸਿੰਘ ਅਤੇ ਸਮੂਹ ਪਤਵੰਤਿਆਂ ਦਾ ਸਵਾਗਤ ਕੀਤਾ। ਐਨ ਸੀ ਸੀ ਕੈਡਿਟਾਂ ਨੇ ਰਸਮੀ ਪਹਿਰਾਵਾ ਪਾ ਕੇ ਗਾਰਡ ਆਫ ਆਨਰ ਪੇਸ਼ ਕੀਤਾ ਅਤੇ ਕਾਨਵੋਕੇਸ਼ਨ ਹਾਲ ਤੱਕ ਅਕਾਦਮਿਕ ਸਮੂਹ ਦੀ ਅਗਵਾਈ ਕੀਤੀ। ਡਾ: ਸੰਦੀਪ ਸਿੰਘ, ਪ੍ਰਧਾਨ ਨੇ ਕਨਵੋਕੇਸ਼ਨ ਦੇ ਵੱਖ-ਵੱਖ ਦੇ ਭਾਗੀਦਾਰਾਂ ਅਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਇਸ ਤੋਂ ਬਾਅਦ ਯੂਨੀਵਰਸਿਟੀ ਗਾਣ ਗਾਇਆ ਗਿਆ। ਕਨਵੋਕੇਸ਼ਨ ਦਾ ਉਦਘਾਟਨ ਚਾਂਸਲਰ ਡਾ. ਜੋਰਾ

ਸਿੰਘ ਨੇ ਕੀਤਾ। ਗਵਰਨਿੰਗ ਬਾਡੀ ਦੇ ਮੈਂਬਰ ਡਾ. ਅਭਿਜੀਤ ਜੋਸ਼ੀ ਨੇ ਯੂਨੀਵਰਸਿਟੀ ਦੀ ਸਾਲਾਨਾ ਰਿਪੋਰਟ ਪੜ੍ਹੀ ਅਤੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ ਮਿਸ਼ਨ ਦੇ ਨਾਲ-ਨਾਲ ਪਿਛਲੇ ਸਾਲਾਂ ਦੌਰਾਨ ਵਿਦਿਆਰਥੀਆਂ ਦੇ ਵਿਕਾਸ ਅਤੇ ਸਰਵਪੱਖੀ ਵਿਕਾਸ ਬਾਰੇ ਚਾਨਣਾ ਪਾਇਆ। ਇਸ ਮੌਕੇ ਭਾਰਤ ਤੋਂ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਵੀ ਮਹਿਮਾਨ ਆਏ ਹੋਏ ਸਨ। ਭਾਰਤ ਅਤੇ ਵਿਦੇਸ਼ਾਂ ਦੇ ਸਾਬਕਾ ਵਿਦਿਆਰਥੀਆਂ ਨੇ ਆਪਣੀਆਂ ਸ਼ਾਨਦਾਰ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ। ਡਿਗਰੀ ਅਤੇ ਪੁਰਸਕਾਰ ਪ੍ਰਾਪਤ ਕਰਦੇ ਹੋਏ ਹਰੇਕ ਵਿਦਿਆਰਥੀ ਨੇ ਇਸ ਯਾਦਗਾਰੀ ਦਿਨ 'ਤੇ ਕਈ ਤਰ੍ਹਾਂ ਦੀਆਂ ਭਾਵਨਾਵਾਂ ਦਾ ਅਨੁਭਵ ਕੀਤਾ। ਦੇਸ ਭਗਤ ਵਿਸ਼ਵਵਿਦਿਆਲਿਆ ਨੇ ਹਰੇਕ ਵਿਦਿਆਰਥੀ ਨੂੰ ਬੂਟੇ ਵੀ ਦਿੱਤੇ ਤਾਂ ਜੋ ਉਹ ਕੁਦਰਤ ਨਾਲ ਜੁੜ ਕੇ ਇਸ ਦੀ ਮਹੱਤਤਾ ਨੂੰ ਸਮਝ ਸਕਣ ਅਤੇ ਯੋਗਦਾਨ ਪਾ ਸਕਣ। ਇਸ ਮੌਕੇ 1600 ਤੋਂ ਵੱਧ ਗਰੈਜੂਏਟ, ਪੋਸਟ ਗ੍ਰੈਜੂਏਟ, ਡਿਪਲੋਮਾ, ਪੀ.ਐੱਚ.ਡੀ ਅਤੇ ਐੱਮ.ਫਿਲ ਦੇ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕ, ਪਤਵੰਤੇ, ਫੈਕਲਟੀ ਮੈਂਬਰ ਅਤੇ ਗ੍ਰੈਜੂਏਟ ਵਿਦਿਆਰਥੀਆਂ ਦੇ ਮਾਪੇ ਵੀ ਮੌਜੂਦ ਸਨ। ਇਸ ਮੌਕੇ ਮੁੱਖ ਮਹਿਮਾਨ ਡਾ: ਜਗਬੀਰ ਸਿੰਘ ਨੇ ਕਿਹਾ, "ਭਾਰਤ ਸਿਰਫ ਇੱਕ ਦੇਸ਼ ਨਹੀਂ, ਸਗੋਂ ਇੱਕ ਸੱਭਿਅਤਾ ਹੈ, ਜੋ ਕਿ ਦਸ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਹੈ ਅਤੇ ਨਿਰੰਤਰ ਤਰੱਕੀ ਕਰ ਰਹੀ ਹੈ। ਸਾਡੀ ਸੱਭਿਅਤਾ ਵਿੱਚ ਨਿਰੰਤਰਤਾ ਅਤੇ ਪੁਰਾਤਨਤਾ ਦੋਵੇਂ ਹਨ।" ਐਨ ਈ ਪੀ ਬਾਰੇ ਉਨ੍ਹਾਂ ਨੇ ਕਿਹਾ ਕਿ ਐਨ ਈ ਪੀ ਇੱਕ ਕ੍ਰਾਂਤੀਕਾਰੀ ਸੋਚ ਹੈ ਅਤੇ ਇਹ ਸਿੱਖਿਆ ਭਾਰਤ ਕੇਂਦਰਿਤ ਅਤੇ ਮਾਤ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਚਾਂਸਲਰ ਡਾ: ਜੋਰਾ ਸਿੰਘ ਦਾ ਕਨਵੋਕੇਸ਼ਨ ਵਿੱਚ ਸੱਦਾ ਦੇਣ ਲਈ ਧੰਨਵਾਦ ਕੀਤਾ ਅਤੇ ਪੰਜਾਬ ਵਿੱਚ ਐਨ ਈ ਪੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਧਾਈ ਦਿੱਤੀ। ਡੀਨ ਅਕਾਦਮਿਕ ਡਾ. ਐਲ.ਐਸ. ਬੇਦੀ ਨੇ ਸਭ ਨੂੰ ਮੁੱਖ ਮਹਿਮਾਨ ਡਾ: ਜਗਬੀਰ ਸਿੰਘ ਦੀਆਂ ਸ਼ਾਨਦਾਰ ਪ੍ਰਾਪਤੀਆਂ ਅਤੇ ਕੰਮਾਂ ਬਾਰੇ ਜਾਣੂ ਕਰਵਾਇਆ। ਮੁੱਖ ਮਹਿਮਾਨ ਡਾ. ਜਗਬੀਰ ਸਿੰਘ ਨੂੰ ਚਾਂਸਲਰ ਡਾ: ਜੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਵਾਈਸ-ਚਾਂਸਲਰ ਡਾ: ਵਰਿੰਦਰ ਸਿੰਘ, ਪ੍ਰਧਾਨ ਡਾ. ਸੰਦੀਪ ਸਿੰਘ ਅਤੇ ਮੀਤ ਪ੍ਰਧਾਨ ਡਾ: ਹਰਸ ਸਦਾਵਰਤੀ ਨੇ ਸਨਮਾਨਤ ਕੀਤਾ । ਕਨਵੋਕੇਸ਼ਨ ਦੀ ਸਮਾਪਤੀ ਧੰਨਵਾਦ ਅਤੇ ਰਾਸ਼ਟਰੀ ਗੀਤ ਨਾਲ ਹੋਈ।

ਕਾਤਰਾਂ

ਸਵੱਛ ਭਾਰਤ ਮਿਸ਼ਨ ਤਹਿਤ ਦੁਕਾਨਦਾਰਾਂ ਨੂੰ ਕੀਤਾ ਜਾਗਰੂਕ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ) : ਸਥਾਨਕ ਸਰਕਾਰ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਨਗਰ ਕੌਂਸਲ ਮਾਛੀਵਾੜਾ ਦੀ ਸਵੱਛ ਭਾਰਤ ਮਿਸ਼ਨ ਟੀਮ ਵੱਲੋਂ ਸੀ.ਐੱਫ਼ ਨਵਗੀਤ ਕੌਰ ਵੱਲੋਂ ਸਮਰਾਲਾ ਰੋਡ 'ਤੇ ਦੁਕਾਨਦਾਰਾਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਫ਼-ਸਫ਼ਾਈ ਹਰ ਇੱਕ ਦਾ ਮੁਢਲਾ ਕੰਮ ਹੈ ਅਤੇ ਸ਼ਹਿਰ ਵਿਚ ਸਭ ਨੂੰ ਆਪਣਾ ਆਲਾ-ਦੁਆਲਾ ਸਾਫ ਰੱਖਣ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੂੜਾ ਹਮੇਸ਼ਾ ਗਿੱਲੇ ਅਤੇ ਸੁੱਕੇ ਦੋ ਭਾਗਾਂ ਵਿੱਚ ਸਫ਼ਾਈ ਸੇਵਕਾਂ ਨੂੰ ਦੇਣਾ ਚਾਹੀਦਾ ਹੈ। ਸੀ.ਐੱਫ਼ ਵਲੋਂ ਦੁਕਾਨਦਾਰਾਂ ਨੂੰ ਦੁਕਾਨਾਂ ਵਿੱਚ ਡਿਸਟਬਿਨ ਲਗਾਉਣ ਲਈ ਕਿਹਾ ਤਾਂ ਜੋ ਕੂੜਾ ਪ੍ਰਬੰਧਨ ਹੋ ਸਕੇ। ਇਸ ਮੌਕੇ ਗਗਨਪ੍ਰੀਤ ਕੌਰ ਵੀ ਮੌਜੂਦ ਸਨ।

ਬੱਚਿਆਂ ਨੂੰ ਟੈਬਲਟ ਡਿਵਾਈਸ ਤੇ ਸਟੇਸ਼ਨਰੀ ਵੰਡੀ

ਦੋਦਾ, (ਵਕੀਲ ਬਰਾੜ) ਜ਼ਿਲ੍ਹਾ ਬਾਲ ਅਫਸਰ ਡਾ. ਸ਼ਿਵਾਨੀ ਨਾਗਪਾਲ ਨੇ ਦੱਸਿਆ ਕਿ ਮਾਨਵਤਾ ਬਾਲ ਆਸ਼ਰਮ ਉਦੇਕਰਨ ਰੋਡ ਵਿਖੇ ਜਿਥੇ ਬੇਸਹਾਰਾ ਬੱਚੇ ਰਹਿੰਦੇ ਹਨ, ਜਿੱਥੇ ਉਨ੍ਹਾਂ ਤੇ ਰਹਿਣ-ਸਹਿਣ ਤੇ ਪੜ੍ਹਾਈ ਆਦਿ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਲਈ ਵੀਡਿੰਗ ਇੰਡੀਆ (ਜੋਮਾਟੋ) ਵੱਲੋਂ ਬੱਚਿਆਂ ਨੂੰ ਟੈਬਲਟ ਡਿਵਾਇਜ ਦੇ ਨਾਲ ਸਟੇਸ਼ਨਰੀ ਵੰਡੀ ਗਈ ਅਤੇ ਇਸ ਦੌਰਾਨ ਉਨ੍ਹਾਂ ਇੱਕ ਸਾਲ ਦੀ ਮਿਆਦ ਵਾਲੇ ਸਿੰਮ ਕਾਰਡ ਵੀ ਦਿੱਤੇ। ਡਿਵਾਇਸ ਵਿਚ ਅਣ ਅਕੈਡਮੀ ਅਤੇ ਹੋਰ ਸਿੱਖਿਆ ਨਾਲ ਜੁੜੀਆਂ ਮੋਬਾਇਲ ਐਪ ਦੇ ਸਲਾਨਾ ਸਬਸਕ੍ਰਿਪਸ਼ਨ ਵੀ ਮੁਫ਼ਤ ਦਿੱਤੇ ਅਤੇ ਇਸ ਮੌਕੇ ਇੱਕ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਵੀ ਕੱਟਿਆ ਗਿਆ। ਇਸ ਮੌਕੇ ਬਾਲ ਸੁਰੱਖਿਆ ਅਫ਼ਸਰ ਸੋਰਲਪ੍ਰੀਤ ਕੌਰ, ਸੌਰਵ ਚਾਵਲਾ ਤੇ ਆਸ਼ਰਮ ਮੈਨੇਜਰ ਸੁਨੀਲ ਕੁਮਾਰ ਆਦਿ ਮੌਜੂਦ ਸਨ।

ਚੋਰੀ ਦੇ ਮੋਟਰਸਾਈਕਲ ਸਣੇ ਇੱਕ ਵਿਅਕਤੀ ਕਾਬੂ

ਜਲਾਲਾਬਾਦ, (ਜੀਤ ਕੁਮਾਰ) ਥਾਣਾ ਸਿਟੀ ਦੀ ਪੁਲਸ ਨੇ ਚੋਰੀ ਦੇ 1 ਮੋਟਰ ਸਾਇਕਲ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ।
ਜਾਣਕਾਰੀ ਦੇ ਅਨੁਸਾਰ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਸ਼੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਡਰੀਮ ਵਿਲਾ ਪੈਲੇਸ ਦੇ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਿਕੂ ਸਿੰਘ ਮੋਟਰ ਸਾਇਕਲ ਚੋਰੀ ਕਰਨ ਦਾ ਆਦੀ ਹੈ। ਮੋਟਰਸਾਇਕਲ ਵੇਚਣ ਲਈ ਪਿੰਡ ਫਲੀਆਂਵਾਲਾ ਤੋਂ ਜਲਾਲਾਬਾਦ ਸ਼ਹਿਰ ਨੂੰ ਆ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਇੱਥੇ ਨਾਕਾਬੰਦੀ ਕਰਕੇ ਰਿਕੂ ਸਿੰਘ ਉਰਫ਼ ਕਾਲੀ ਪੁੱਤਰ ਜਰਨੈਲ ਸਿੰਘ ਵਾਸੀ ਛੋਟਾ ਫਲੀਆਂਵਾਲਾ ਨੂੰ ਇੱਕ ਚੋਰੀ ਦਾ ਮੋਟਰ ਸਾਇਕਲ ਸਣੇ ਕਾਬੂ ਕੀਤਾ ਹੈ। ਪੁਲਸ ਨੇ ਰਿਕੂ ਸਿੰਘ ਦੇ ਖਿਲਾਫ਼ ਧਾਰਾ 379 ਤੇ 411 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਹੈ।

20 ਟੀਮਾਂ ਕਰਨਗੀਆਂ ਪਸ਼ੂ ਪਾਲਕਾਂ ਦੇ ਘਰ-ਘਰ ਜਾ ਕੇ ਟੀਕਾਕਰਨ

ਮਾਨਸਾ, (ਗੀਤਵਾਲ) ਪਸ਼ੂ ਪਾਲਣ ਵਿਭਾਗ ਵੱਲੋਂ ਪਸ਼ੂਆਂ ਨੂੰ ਬਿਮਾਰੀ ਤੋਂ ਬਚਾਓ ਲਈ ਟੀਕਾਕਰਣ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਜ਼ਿਲ੍ਹਾ ਮਾਨਸਾ ਦੇ ਪਸ਼ੂਆਂ ਲਈ ਸਰਕਾਰ ਵੱਲੋਂ 82 ਹਜ਼ਾਰ ਰੁਪਏ ਦੀਆਂ ਖੁਰਾਕਾਂ ਮੁਹੱਈਆ ਕਰਾਈਆਂ ਗਈਆਂ ਹਨ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸ੍ਰੀ ਹਰਜਿੰਦਰਪਾਲ ਗੋਜਰਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਮ ਦੀਆਂ 20 ਟੀਮਾਂ ਵੱਲੋਂ ਪਸ਼ੂ ਪਾਲਕਾਂ ਦੇ ਘਰ ਅਤੇ ਗਊਸ਼ਾਲਾਵਾਂ ਵਿਖੇ ਜਾ ਕੇ ਟੀਕਾਕਰਣ ਕੀਤਾ ਜਾਵੇਗਾ। ਇਹ ਟੀਕਾਕਰਣ ਮੁਹਿੰਮ 15 ਫਰਵਰੀ ਤੋਂ ਸ਼ੁਰੂ ਹੋ ਰਹੀ ਹੈ। ਉਨ੍ਹਾਂ ਪਸ਼ੂ ਪਾਲਕਾਂ ਤੇ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸਬੰਧੀ ਪਸ਼ੂ ਪਾਲਣ ਵਿਭਾਗ ਦੀ ਟੀਮ ਨੂੰ ਪੂਰਨ ਸਹਿਯੋਗ ਕਰਨ।

ਗ੍ਰਿਫ਼

16-Feb-PAGE-8.qxd 2/15/2023 11:05 PM Page 1

ਬੀ ਬੀ ਸੀ ਦਫਤਰਾਂ 'ਤੇ ਇਨਕਮ ਟੈਕਸ ਛਾਪਿਆਂ ਦੀ ਨਿਖੇਧੀ

ਜਲੰਧਰ (ਕੇਸਰ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਕੇਂਦਰੀ ਕਮੇਟੀ ਨੇ ਬੀਬੀਸੀ ਦੇ ਹੈੱਡਕੁਆਰਟਰ ਅਤੇ ਹੋਰਨਾਂ ਟਿਕਾਣਿਆਂ 'ਤੇ ਇਨਕਮ ਟੈਕਸ ਵਿਭਾਗ ਵੱਲੋਂ ਮਾਰੇ ਗਏ ਛਾਪਿਆਂ ਦੀ ਜੋਰਦਾਰ ਨਿਖੇਧੀ ਕੀਤੀ ਹੈ। ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਕੇਂਦਰੀ ਸਰਕਾਰ ਦੇ ਉਕਤ ਦਸਤਾਵੇਜੀ 'ਤੇ ਪਾਬੰਦੀ ਲਾਏ ਜਾਣ ਦੇ ਅਹਿਮਕਾਨਾ ਯਤਨਾਂ ਦੇ ਨਤੀਜੇ ਵਜੋਂ ਭਾਰਤ ਦੀ ਛਵੀ ਨੂੰ ਸੰਸਾਰ ਭਰ 'ਚ ਪਹਿਲਾਂ ਹੀ ਬੜਾ ਨੁਕਸਾਨ ਪੁੱਜਿਆ ਹੈ ਅਤੇ ਆਈਟੀ ਵਿਭਾਗ ਵੱਲੋਂ ਮਾਰੇ ਗਏ ਛਾਪੇ ਭਾਰਤ ਦੀ ਸਾਖ ਨੂੰ ਹੋਰ ਵਧੇਰੇ ਵੱਟਾ ਲਾਉਣਗੇ। ਉਨ੍ਹਾਂ ਕਿਹਾ ਕਿ ਉਕਤ ਛਾਪੇ 2002 ਦੇ ਗੁਜਰਾਤ ਦੰਗਿਆਂ ਵਿੱਚ ਉਦੋਂ ਦੀ ਰਾਜ ਸਰਕਾਰ, ਖਾਸ ਕਰਕੇ ਵੇਲੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਪੱਖਪਾਤੀ ਭੂਮਿਕਾ ਨੂੰ ਬੀਬੀਸੀ ਵੱਲੋਂ ਇਕ ਦਸਤਾਵੇਜੀ ਰਾਹੀਂ ਤੱਥਾਂ ਸਹਿਤ ਉਜਾਗਰ ਕਰਨ ਦੀ ਸਜਾ ਦੇਣ ਲਈ ਮਾਰੇ ਗਏ ਹਨ। ਸਾਥੀ ਪਾਸਲਾ ਨੇ ਕਿਹਾ ਕਿ ਉਕਤ ਛਾਪਿਆਂ ਨੇ ਇਹ ਕਰੂਰ ਸੱਚ ਵੀ ਨਵੇਂ ਸਿਰਿਓਂ ਉਭਾਰ ਕੇ ਪੇਸ਼ ਕਰ ਦਿੱਤਾ ਹੈ ਕਿ ਆਈ ਟੀ ਵਿਭਾਗ ਅਤੇ ਹੋਰ ਸੰਸਥਾਵਾਂ ਕੇਂਦਰੀ ਸਰਕਾਰ ਦੇ ਇਸ਼ਾਰਿਆਂ 'ਤੇ ਨੱਚ ਰਹੀਆਂ ਕਠ ਪੁਤਲੀਆਂ ਮਾਤਰ ਹਨ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਮੋਦੀ ਸਰਕਾਰ ਦੇ ਭਾਰਤੀ ਮੀਡੀਆ ਵਾਂਗੂੰ ਹੀ ਸੰਸਾਰ ਦੇ ਹੋਰਨਾਂ ਵੱਕਾਰ ਮੀਡੀਆ ਸੰਸਥਾਨਾਂ ਨੂੰ ਵੀ ਥੱਲੇ ਲਾਉਣ ਦੇ ਕੋਝੇ ਯਤਨ ਹਰ ਹਾਲਤ 'ਚ ਅਸਫਲ ਰਹਿਣਗੇ, ਪਰ ਅਫਸੋਸ ਇਸ ਗੱਲ ਦਾ ਹੈ ਕਿ ਉਦੋਂ ਤੱਕ ਸੰਘ-ਭਾਜਪਾ ਅਤੇ ਮੋਦੀ-ਸ਼ਾਹ ਸਰਕਾਰ ਆਪਣੇ ਤਾਨਾਸ਼ਾਹ ਤੌਰ ਤਰੀਕਿਆਂ ਰਾਹੀਂ ਦੇਸ਼ ਦੇ ਮਾਨ-ਸਨਮਾਨ ਨੂੰ ਬਹੁਤ ਵਡੇਰਾ ਨੁਕਸਾਨ ਪੁਚਾ ਚੁੱਕੇ ਹੋਣਗੇ। ਸਾਥੀ ਪਾਸਲਾ ਨੇ ਜਾਗਦੀਆਂ ਜਮੀਰਾਂ ਵਾਲੇ ਸ਼ਹਿਰੀਆਂ ਨੂੰ ਮੋਦੀ ਸਰਕਾਰ ਦੀ ਇਸ ਸਿਰੇ ਦੀ ਤਾਨਾਸ਼ਾਹੀ ਵਾਲੀ ਵਿਵੇਕਹੀਨ ਪਹੁੰਚ ਦੀ ਹਰ ਮੰਚ ਤੋਂ ਮੁਜਾਹਮਤ ਕਰਨ ਦੀ ਅਪੀਲ ਕੀਤੀ ਹੈ।

ਮੋਹਾਲੀ : ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮੋਹਾਲੀ ਵੱਲੋਂ ਕੇਂਦਰ ਦੀ ਸੰਘੀ ਲਾਣੇ ਦੀ ਸਰਕਾਰ ਦੇ ਇਸ਼ਾਰਿਆਂ 'ਤੇ ਬੀ ਬੀ ਸੀ ਦਫਤਰਾਂ ਉਤੇ ਇਨਕਮ ਟੈਕਸ ਵਿਭਾਗ ਵੱਲੋਂ ਮਾਰੇ ਗਏ ਛਾਪਿਆਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਇਸਨੂੰ ਮੀਡੀਆ ਦੀ ਆਜ਼ਾਦੀ ਉਤੇ ਹਮਲਾ ਅਤੇ ਮਨੁੱਖੀ ਅਧਿਕਾਰਾਂ ਦੀ ਖੁੱਲ੍ਹਮ ਖੁੱਲ੍ਹਾ ਉਲੰਘਣਾ ਕਰਾਰ ਦਿੱਤਾ ਗਿਆ ਹੈ। ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਜਸਪਾਲ ਦੱਪਰ ਨੇ ਪ੍ਰੈਸ ਦੇ ਨਾਂਅ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਇਸ ਸਾਰੇ ਘਟਨਾਕ੍ਰਮ ਦੀ ਪਿੱਠ ਭੂਮੀ ਬੀ ਬੀ ਸੀ ਵੱਲੋਂ ਗੁਜਰਾਤ ਦੰਗਿਆਂ ਬਾਰੇ ਬਣਾਈ ਗਈ ਡਾਕੂਮੈਂਟਰੀ ਫਿਲਮ ਹੈ ਜਿਸ ਦੇ ਭਾਰਤ ਵਿੱਚ ਪ੍ਰਸਾਰਣ ਤੇ ਕੇਂਦਰ ਦੀ ਸਰਕਾਰ ਵੱਲੋਂ ਪਾਬੰਦੀ ਲਗਾ ਦਿੱਤੀ ਗਈ ਹੈ ਜਦੋਂਕਿ ਗੁਜਰਾਤ ਦੇ ਦੰਗੇ, ਜਿਨ੍ਹਾਂ ਵਿੱਚ ਮੁਸਲਿਮ ਭਾਈਚਾਰੇ ਦੇ ਹਜ਼ਾਰਾਂ ਮਾਸੂਮ ਅਤੇ ਬੇਗੁਨਾਹ ਲੋਕਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ, ਅਤੇ ਇਨ੍ਹਾਂ ਵਿੱਚ ਭਾਜਪਾ ਦੇ ਸਿਖਰਲੇ ਨੇਤਾਵਾਂ ਦੀ ਭੂਮਿਕਾ ਇੱਕ ਜੱਗ-ਜ਼ਾਹਿਰ ਸੱਚਾਈ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਉਸ ਸਮੇਂ ਦੇ ਕਾਂਗਰਸੀ ਨੇਤਾਵਾਂ ਦੀ ਭੂਮਿਕਾ ਇੱਕ ਜੱਗ-ਜ਼ਾਹਿਰ ਸੱਚਾਈ ਹੈ ਜਿਸ ਬਾਰੇ ਹੁਣ ਤੱਕ ਸਰਕਾਰੀ ਤੰਤਰ ਅਤੇ ਅਦਾਲਤਾਂ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਪਰ ਭਾਜਪਾ ਇਸ ਵੇਲੇ ਪਿਛਲੇ ਕਾਫੀ ਸਾਲਾਂ ਤੋਂ ਸੱਤਾ ਵਿੱਚ ਹੈ, ਇਸ ਲਈ ਇਸਨੇ ਆਪਣਾ ਪ੍ਰਭਾਵ ਵਰਤਕੇ ਇਨ੍ਹਾਂ ਦੰਗਿਆਂ ਲਈ ਦੋਸ਼ੀ ਭਾਜਪਾਈਆਂ ਵਿਰੁੱਧ ਕਾਰਵਾਈ ਰੋਕੀ ਹੋਈ ਹੈ।

ਦੱਪਰ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਬੀਬੀਸੀ ਅਤੇ ਡਿਸਕਵਰੀ ਚੈਨਲ ਅਜਿਹੇ ਅਦਾਰੇ ਹਨ ਜਿਹੜੇ ਇਤਿਹਾਸਕ, ਭੂਗੋਲਿਕ, ਵਿਗਿਆਨਕ ਅਤੇ ਹੋਰ ਅਨੇਕਾਂ ਕਿਸਮ ਦੀ ਤੱਥਾਂ 'ਤੇ ਆਧਾਰਤ ਜਾਣਕਾਰੀ ਦਰਸ਼ਕਾਂ ਤੱਕ ਪਹੁੰਚਾਉਂਦੇ ਹਨ ਅਤੇ ਜਨ ਸਾਧਾਰਨ ਨੂੰ ਗਿਆਨਵਾਨ ਅਤੇ ਜਾਗਰੂਕ ਬਣਾਉਣ ਵਿੱਚ ਇਨ੍ਹਾਂ ਦੀ ਵੱਡੀ ਭੂਮਿਕਾ ਹੈ। ਦੱਪਰ ਨੇ ਭਾਜਪਾ ਦੇ ਇਸ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਭਾਰਤ ਦੀ ਸਰਵਉੱਚ ਅਦਾਲਤ ਅਤੇ ਹੋਰ ਮਾਨਯੋਗ ਅਦਾਲਤਾਂ ਨੂੰ ਦਖਲ ਦਿੰਦੇ ਹੋਏ ਇਸ ਕਿਸਮ ਦੇ ਤਾਨਾਸ਼ਾਹੀ ਅਤੇ ਧੱਕੜ ਵਿਹਾਰ ਉਤੇ ਰੋਕ ਲਾਉਣੀ ਚਾਹੀਦੀ ਹੈ ਕਿਉਂਕਿ ਇਸ ਤਰ੍ਹਾਂ ਦਾ ਵਿਹਾਰ ਜਿੱਥੇ ਮੀਡੀਆਂ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਉਤੇ ਹਮਲਾ ਹੈ ਉਥੇ ਇਹ ਭਾਰਤੀ ਲੋਕ ਤੰਤਰ ਉਤੇ ਵੀ ਹਮਲਾ ਹੈ, ਜਿਸ ਨੂੰ ਦੁਨੀਆ ਦੇ ਵੱਡੇ ਲੋਕਤੰਤਰਾਂ ਵਿੱਚ ਗਿਣਿਆ ਜਾਂਦਾ ਹੈ।

ਤਹਿਸੀਲ ਕੇਂਦਰਾਂ 'ਤੇ ਰੋਸ ਮੁਜ਼ਾਹਰੇ 20 ਨੂੰ

ਨੂਰਮਹਿਲ (ਬਾਲੀ)-ਪੇਂਡੂ ਮਜਦੂਰ ਯੂਨੀਅਨ ਦੀ ਅਗਵਾਈ ਵਿੱਚ ਪਿੰਡ ਸੰਗੋਵਾਲ ਵਿਖੇ ਮਜਦੂਰ ਮੰਗਾਂ ਦੇ ਸਬੰਧ ਵਿੱਚ ਇਕ ਵਿਸ਼ਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਮਜਦੂਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਾ ਕਰਨ ਦਾ ਆਮ ਆਦਮੀ ਪਾਰਟੀ 'ਤੇ ਦੋਸ਼ ਲਗਾਇਆ ਗਿਆ। ਲੈਂਡ ਸੀਲਿੰਗ ਐਕਟ ਲਾਗੂ ਕਰਨਾ, ਪੰਜ ਪੰਜ ਮਰਲੇ ਦੇ ਪਲਾਟ, ਮਕਾਨ ਉਸਾਰੀ ਲਈ ਗਰਾਂਟ, ਲਾਲ ਲਕੀਰ ਵਾਲੇ ਮਕਾਨਾਂ ਦੇ ਮਾਲਕੀ ਹੱਕ, ਸਹਿਕਾਰੀ ਅਤੇ ਸਰਕਾਰੀ ਕਰਜੇ ਮੁਆਫ ਕਰਨ ਸਬੰਧੀ, ਆਦਿ ਮੰਗਾਂ ਦੀ ਪੂਰਤੀ ਲਈ, ਮੁੱਖ ਮੰਤਰੀ ਵੱਲੋਂ ਮਜਦੂਰ ਮੰਚ ਨਾਲ ਮੀਟਿੰਗ ਕਰਨ ਤੋਂ ਆਨਾ ਕਾਨੀ ਕਰਨ ਦੇ ਖਿਲਾਫ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਪੇਂਡੂ ਮਜਦੂਰ ਯੂਨੀਅਨ ਦੇ ਸੱਦੇ ਤਹਿਤ 20 ਫਰਵਰੀ ਨੂੰ ਤਹਿਸੀਲ ਕੇਂਦਰਾਂ 'ਤੇ ਰੋਸ ਮੁਜਾਹਰੇ ਕਰਨ ਦਾ ਵੀ ਸੱਦਾ ਦਿੱਤਾ ਗਿਆ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸਾਥੀ ਚੰਨਣ ਸਿੰਘ ਖੁੱਟਰ, ਕਮਲਜੀਤ, ਪਰਮਜੀਤ ਸੰਗੋਵਾਲ ਵੀ ਸ਼ਾਮਲ ਹੋਏ।

ਦੋ ਮੋਟਰਸਾਈਕਲ ਤੇ ਹੋਰ ਚੋਰੀਆਂ ਕਰਨ ਵਾਲੇ ਨਸ਼ੇੜੀ ਨੂੰ ਭੇਜਿਆ ਜੇਲ੍ਹ

ਆਦਮਪੁਰ (ਪਰਮਜੀਤ ਸਿੰਘ)

ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਸਵਰਨਦੀਪ ਸਿੰਘ ਵਲੋਂ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸਰਬਜੀਤ ਸਿੰਘ ਵਾਹੀਆ ਐਸ.ਪੀ (ਇਨਵੈਸਟੀਗੇਸ਼ਨ), ਸਰਬਜੀਤ ਰਾਏ ਡੀ.ਐਸ.ਪੀ. ਸਬ ਡਵੀਜਨ ਆਦਮਪੁਰ ਅਗਵਾਈ ਹੇਠ ਆਦਮਪੁਰ ਥਾਣਾ ਮੁੱਖੀ ਆਦਮਪੁਰ ਸਬ-ਇੰਸਪੈਕਟਰ ਸਿਕੰਦਰ ਸਿੰਘ ਦੀ ਪੁਲਸ ਨੇ ਚੋਰੀ ਦੀਆਂ ਵੱਖ-ਵੱਖ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਇੱਕ ਮੁਲਜਮ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਡੀਐਸਪੀ ਸਬ-ਡਵੀਜਨ ਆਦਮਪੁਰ ਸਰਬਜੀਤ ਰਾਏ ਨੇ ਦੱਸਿਆ ਕਿ ਕੈਲਾਸ਼ ਬਸਰਾ ਪੁੱਤਰ ਬਖਸ਼ੀਸ਼ ਲਾਲ ਵਾਸੀ ਪਿੰਡ ਤਲਵਣ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ 12 ਫਰਵਰੀ ਸ਼ਾਮ ਕਰੀਬ 7 ਵਜੇ ਦੇ ਅੱਡਾ ਕਠਾਰ ਨੇੜੇ ਆਪਣੇ ਵਕੀਲ ਦੋਸਤ ਕੋਲ ਕਿਸੇ ਕੰਮ ਲਈ ਆਇਆ ਸੀ ਤਾਂ ਉਸ ਨੇ ਆਪਣਾ ਮੋਟਰਸਾਈਕਲ ਨੰਬਰ ਪੀ.ਬੀ.08 ਸੀ ਟੀ 3498 ਹੀਰੋ ਸਪਲੈਂਡਰ ਦਫਤਰ ਦੇ ਬਾਹਰ ਖੜਾ ਕਰਕੇ ਅੰਦਰ ਗਿਆ ਤਾਂ ਰਾਤ ਕਰੀਬ 9 ਵਜੇ ਜਦੋਂ ਉਸਨੇ ਬਾਹਰ ਆ ਕੇ ਦੇਖਿਆ ਤਾਂ ਮੋਟਰਸਾਈਕਲ ਗਾਇਬ ਸੀ। ਏ.ਐਸ.ਆਈ ਜਗਦੇਵ ਸਿੰਘ ਨੇ ਕੈਲਾਸ਼ ਬਸਰਾ ਦੇ ਬਿਆਨਾਂ 'ਤੇ ਧਾਰਾ 379 ਤਹਿਤ ਮਾਮਲਾ ਦਰਜ ਕਰ ਲਿਆ ਤੁਰੰਤ ਕਾਰਵਾਈ ਕਰਦਿਆਂ ਪੁਲਸ ਟੀਮ ਨਾਲ ਮੁਲਜਮ ਤਲਵਿੰਦਰ ਸਿੰਘ ਉਰਫ ਲਾਡੀ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਰਾਜੋਵਾਲ ਥਾਣਾ ਬੁਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸਮੇਤ ਨੂੰ ਚੋਰੀ ਦੇ ਮੋਟਰਸਾਈਕਲ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਉਸ ਨੇ ਪਹਿਲਾਂ ਪੀਰ ਨਿਗਾਹੇ ਤੋਂ ਮੋਟਰਸਾਈਕਲ ਚੋਰੀ ਕੀਤਾ ਸੀ ਜੋ ਉਸ ਨੇ ਕਠਾਰ ਰੇਲਵੇ ਸਟੇਸ਼ਨ ਨੇੜੇ ਝਾੜੀਆਂ ਵਿੱਚ ਲੁਕੋ ਕੇ ਰੱਖਿਆ ਸੀ ਤਾਂ ਉਸ ਦੀ ਨਿਸ਼ਨਦੇਹੀ 'ਤੇ ਮੋਟਰਸਾਈਕਲ ਨੰਬਰ ਐਚ.ਪੀ.19 ਏ.1477 ਬਰਾਮਦ ਕੀਤਾ ਗਿਆ। ਉਸਨੇ ਅੱਗੇ ਮੰਨਿਆ ਕਿ ਜਨਵਰੀ ਮਹੀਨੇ ਵਿੱਚ ਆਦਮਪੁਰ ਦੇ ਮੁਹੱਲਾ ਕਾਲਰੀਆ 'ਚ ਇੱਕ ਪ੍ਰਵਾਸੀ ਮਜਦੂਰ ਦੇ ਕਿਰਾਏ ਦੇ ਮਕਾਨ ਵਿੱਚੋਂ 350 ਰੁਪਏ 2 ਪੈਂਟ ਸ਼ਰਟ ਚੋਰੀ ਕਰ ਲਏ ਸਨ ਤੇ ਆਦਮਪੁਰ ਮੇਨ ਬਜਾਰ ਤੋਂ ਜਨਰਲ ਸਟੋਰ ਦੀ ਦੁਕਾਨ ਤੋਂ ਵਿਆਹ 'ਚ ਪਾਉਣ ਵਾਲੇ 10-10 ਦੇ ਨੋਟਾਂ ਦੇ ਹਾਰ ਵੀ ਚੋਰੀ ਕੀਤੇ ਸਨ ਜਿਨ੍ਹਾਂ ਨੂੰ ਉਸ ਨੇ ਨਸ਼ਾ ਕਰਨ ਲਈ ਖਰਚ ਕੀਤਾ। ਪੁਲਸ ਨੇ ਮੁਲਜਮ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਹੈ।

ਰੁੜਕਾ ਕਲਾਂ ਵਿਖੇ ਪਿੰਡ ਪੱਧਰੀ ਮੁਕਾਬਲਿਆਂ ਦਾ ਅੰਤਮ ਦਿਨ ਅੱਜ

ਗੁਰਾਇਆ (ਬਿੰਦਰ ਸੁਮਨ)

ਵਾਈ ਐਫ ਸੀ ਰੁੜਕਾ ਕਲਾਂ ਵੱਲੋਂ 10ਵੀਂ ਅੰਜੂਕੇਸ਼ਨਲ ਫੁੱਟਬਾਲ ਅਤੇ ਖੇਡ ਲੀਗ ਜੋ ਪਿਛਲੇ ਤਿੰਨ ਮਹੀਨੇ ਤੋਂ ਚੱਲ ਰਹੀ ਹੈ ਆਪਣੇ ਅੰਤਮ ਦੌਰ ਵਿੱਚ ਦਾਖਲ ਹੋ ਰਹੀ ਹੈ। ਖੇਡਾਂ ਦੇ ਇਸ ਮਹਾਂ ਕੁੰਭ ਵਿੱਚ ਵੱਖ-ਵੱਖ ਉਮਰ ਵਰਗ ਦੇ 2500 ਲੜਕੇ ਅਤੇ ਲੜਕੀਆਂ ਦੇ ਤਕਰੀਬਨ 12 ਚਰਨਾਂ ਵਿੱਚ ਖੇਡ ਮੁਕਾਬਲੇ ਕਰਵਾਏ ਗਏ। ਜਿੱਥੇ ਪਿਛਲੀ ਦਿਨੀਂ ਵਾਈ ਐਫ ਸੀ ਕ੍ਰਿਕਟ ਅਤੇ ਬੈਡਮਿੰਟਨ ਦੇ ਸ਼ਾਨਦਾਰ ਮੁਕਾਬਲੇ ਕਰਵਾਏ ਗਏ ਸਨ। ਜਿਸ ਵਿੱਚ ਉਨ੍ਹਾਂ ਨੂੰ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ। ਇਸ ਤਹਿਤ ਵਾਈ ਐਫ ਸੀ ਰੁੜਕਾ ਕਲਾਂ ਵੱਲੋਂ ਸੀਨੀਅਰ ਵਰਗ ਦੇ ਤਿੰਨ ਦਿਨਾਂ ਫੁੱਟਬਾਲ ਦੀਆਂ ਨਿਰੋਲ ਪਿੰਡ ਪੱਧਰ ਦੀਆਂ 12 ਟੀਮਾਂ ਦੇ ਮੁਕਾਬਲੇ ਸ਼ੁਰੂ ਹੋਏ ਹਨ, ਮਿਤੀ 15 ਫਰਵਰੀ ਨੂੰ ਫੁੱਟਬਾਲ ਮੁਕਾਬਲਿਆਂ ਦੇ ਨਾਲ-ਨਾਲ ਅਥਲੈਟਿਕਸ ਦੇ ਮੁਕਾਬਲੇ ਹੋਏ,ਜਦਕਿ 16 ਫਰਵਰੀ ਨੂੰ ਸਵੇਰੇ ਫੁੱਟਬਾਲ ਦਾ ਫਾਇਨਲ ਮੈਚ,11 ਵਜੇ ਸੂਬਾ ਪੱਧਰ ਦੇ 17 ਕੁਸ਼ਤੀ ਮੁਕਾਬਲੇ ਅਤੇ ਦੁਪਹਿਰ ਨੂੰ ਕਬੱਡੀ ਓਪਨ ਪਿੰਡ ਪੱਧਰ ਦੀਆ 8 ਟੀਮਣ ਦੇ ਮੁਕਾਬਲੇ ਹੋਣਗੇ,ਜਿਨ੍ਹਾਂ ਵਿੱਚ 3 ਖਿਡਾਰੀ ਬਾਹਰੋਂ ਖੇਡ ਸਕਦੇ ਹਨ। ਜਿਸ ਵਿੱਚ ਫੁੱਟਬਾਲ ਨਿਰੋਲ ਪਿੰਡ ਪੱਧਰ ਦੇ ਮੁਕਾਬਲਿਅਣ ਦਾ ਸਾਰਾ ਖਰਚਾ ਸੁਰਜੀਤ ਸਿੰਘ ਸੰਧੂ (ਰਿਟਾ) (ਯੂ.ਐੱਸ.ਏ) ਅਤੇ ਪਰਮਜੀਤ ਸਿੰਘ ਸੰਧੂ ਨੀਟਾ ਕਨੇਡਾ ਵੱਲੋਂ ਕੀਤਾ ਜਾ ਰਿਹਾ ਹੈ ਤੇ ਕਬੱਡੀ ਓਪਨ ਪਿੰਡ ਪੱਧਰ ਦੇ ਮੁਕਾਬਲਿਆਂ ਦਾ ਸਾਰਾ ਖਰਚ ਭੁਪਿੰਦਰ ਸਿੰਘ (ਯੂ.ਐੱਸ.ਏ), ਬਲਜੋਰ ਸਿੰਘ (ਯੂ.ਐੱਸ.ਏ) ਅਤੇ ਬਲਜੀਤ ਸਿੰਘ (ਯੂ.ਕੇ) ਵੱਲੋਂ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਹੀ ਅਥਲੈਟਿਕਸ ਅਤੇ ਬੈਡਮਿੰਟਨ ਦੇ ਸਾਰੇ ਮੁਕਾਬਲਿਆਂ ਦਾ ਖਰਚ ਮੀਕਾ ਕਾਲੜਾ ਤੇ ਅਮਰੀਕ ਸਿੰਘ(ਯੂ.ਐੱਸ.ਏ) ਅਤੇ ਵੱਲੋਂ ਕੀਤਾ ਜਾ ਰਿਹਾ ਹੈ।ਇਸ ਦੇ ਨਾਲ ਹੀ ਕੁਸ਼ਤੀਆਂ ਦੇ ਮੁਕਾਬਲਿਆ ਦਾ ਸਾਰਾ ਖਰਚ ਪਵਨ ਕੁਮਾਰ ਟਾਂਡਾ,ਰਮਨ ਟਾਂਡਾ ਅਤੇ ਰਿੰਕੀ ਟਾਂਡਾ ਵੱਲੋਂ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਦੇ ਹੋਏ ਵਾਈ ਐਫ ਸੀ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਜਾਣਕਾਰੀ ਸਾਂਝੇ ਕਰਦੇ ਹੋਇਆ ਦੱਸਿਆ ਕਿ ਇਸ ਲੀਗ ਦਾ ਮਹਾਂਕੁੰਭ ਦਾ ਸਮਾਪਤੀ ਸਮਾਰੋਹ ਮਿਤੀ 19 ਫਰਵਰੀ ਨੂੰ ਹੋਵੇਗਾ। ਇਨਾਮ ਵੰਡ ਸਮਾਰੋਹ ਲੀਗ ਵਿੱਚ ਸ਼ਾਮਲ ਹਾਜ਼ਾਰਾ ਬੱਚਿਆਂ ਦਾ ਮਾਰਚ ਪਾਸਟ ਤੇ ਕਬੱਡੀ ਸ਼ਹੀਦ ਸੰਦੀਪ ਨੰਗਲ ਅੰਬੀਆ ਨੂੰ ਸਮਰਪਿਤ ਮੇਜਰ ਲੀਗ ਕਬੱਡੀ ਫੈਡਰੇਸ਼ਨ ਦਾ ਕੱਪ ਹੋਵੇਗਾ। ਅੰਤ ਵਿਚ ਪੰਜਾਬ ਦੇ ਨਾਮਵਾਰ ਕਲਾਕਾਰ ਬੱਬੂ ਮਾਨ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

19 ਨੂੰ ਚੰਡੀਗੜ੍ਹ ਦਾਣਾ ਮੰਡੀ 'ਚ ਕੀਤੀ ਜਾਵੇਗੀ ਪੋਲ ਖੋਲ੍ਹ ਰੈਲੀ

ਰੋਪੜ (ਬਿੰਦਰਾ)- ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵਲੋਂ 19 ਫਰਵਰੀ ਨੂੰ ਸੈਕਟਰ 39 ਚੰਡੀਗੜ੍ਹ ਦਾਣਾ ਮੰਡੀ ਵਿੱਚ ਪੋਲ ਖੋਲ੍ਹ ਰੈਲੀ ਕੀਤੀ ਜਾਵੇਗੀ। ਇਸ ਰੈਲੀ ਦੀ ਤਿਆਰੀ ਅਤੇ ਸਰਕਾਰ ਨੂੰ ਚਿਤਾਵਨੀ ਦੇਣ ਲਈ ਰਣਜੀਤ ਬਾਗ ਰੋਪੜ ਵਿੱਚ ਰੈਲੀ ਕੀਤੀ ਗਈ ਅਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਗਿਆ।

ਪ੍ਰਦਰਸ਼ਨਕਾਰੀਆਂ ਨੂੰ ਸੁਖਦੇਵ ਸਿੰਘ ਸੁਰਤਾਪੁਰੀ, ਨਰਿੰਦਰ ਸਿੰਘ ਸੈਣੀ, ਕੁਲਦੀਪ ਘਨੌਲੀ, ਹਰਜਿੰਦਰ ਸਿੰਘ ਅਕਬਰਪੁਰ, ਗੁਰਵਿੰਦਰ ਸਿੰਘ ਹਜਾਰਾ ਫੈਡਰੇਸ਼ਨ ਏਟਕ ਆਗੂ ਤਰਲੋਚਨ ਸਿੰਘ, ਬਲਵਿੰਦਰ ਸਿੰਘ ਰੋਡਵੇਜ,ਕਰਮ ਸਿੰਘ ਡੱਲਾ,ਇੰਜ ਲਾਭ ਸਿੰਘ, ਰਣਜੀਤ ਸਿੰਘ ਗਿੱਲ,ਰਾਮ ਕੁਮਾਰ, ਜਗਮੋਹਨ ਸਿੰਘ ਚੌਤਾ, ਗੁਰਬਚਨ ਸਿੰਘ ਵਿਰਕ , ਸੁਰਜੀਤ ਸਿੰਘ, ਮਲਾਗਰ ਸਿੰਘ ਖਮਾਣੋਂ, ਰਾਣਾ ਪ੍ਰਤਾਪ ਸਿੰਘ, ਧਰਮਿੰਦਰ ਪਾਂਡੇ, ਮੱਖਣ ਸਿੰਘ, ਕੁਲਦੀਪ ਸਿੰਘ ਥਰਮਲ ਆਦਿ ਨੇ ਸੰਬੋਧਨ ਕੀਤਾ ਤੇ ਆਖਿਆ

16-Feb-PAGE-9.qxd 2/15/2023 11:04 PM Page 1

ਨਗਰ ਕੌਂਸਲ ਵੱਲੋਂ ਪੁੱਟੀਆਂ ਸੜਕਾਂ ਤੇ ਲਾਪਰਵਾਹੀ ਕਰਕੇ ਲੋਕ ਹੋ ਰਹੇ ਹਨ ਪ੍ਰੇਸ਼ਾਨ

ਖਰੜ (ਹਰਨਾਮ ਸਿੰਘ ਡੱਲਾ)

ਖਰੜ ਸ਼ਹਿਰ ਵੈਸੇ ਤਾਂ ਲੰਮੇ ਜਾਮਾਂ ਲਈ ਮਸ਼ਹੂਰ ਮੰਨਿਆ ਜਾਂਦਾ ਹੈ ਕਿਉਂਕਿ ਕਿ ਨੈਸ਼ਨਲ ਹਾਈਵੇ ਹੋਣ ਕਰਕੇ ਲੋਕਾਂ ਨੂੰ ਟ੍ਰੈਫਿਕ ਦੀ ਸਮੱਸਿਆ ਨਾਲ ਜੂਝਣਾ ਪੈਂਦਾ ਹੈ। ਪਰ ਸ਼ਹਿਰ ਦੀਆਂ ਕੁਝ ਸੜਕਾਂ ਉੱਤੇ ਜਾਮ ਲੱਗਣ ਦਾ ਕਾਰਨ ਨਗਰ ਕੌਂਸਲ ਵਲੋਂ ਸੀਵਰੇਜ ਜਾਂ ਪਾਣੀ ਦੀਆਂ ਪਾਈਪ ਲਾਈਨਾਂ ਲੰਮੇ ਸਮੇਂ ਲਈ ਪੁੱਟ ਕੇ ਰੱਖੇ ਜਾਣ ਨੂੰ ਵੀ ਮੰਨਿਆ ਜਾ ਸਕਦਾ ਹੈ। ਟ੍ਰੈਫਿਕ ਵਧ ਜਾਣ ਕਰਕੇ ਲੋਕਾਂ ਨੂੰ ਪਹਿਲਾਂ ਹੀ ਪ੍ਰੇਸ਼ਾਨੀਆਂ ਦਾ ਸਾਹਮਣਾ ਤਾਂ ਕਰਨਾ ਹੀ ਪੈਂਦਾ ਹੈ,ਪਰ ਨਗਰ ਕੌਂਸਲ ਵਲੋਂ ਸੀਵਰੇਜ ਜਾਂ ਪਾਣੀ ਦੀਆਂ ਪਾਈਪ ਲਾਈਨਾਂ ਦੀ ਮੁਰੰਮਤ ਲਈ ਪੁੱਟੀਆਂ ਸੜਕਾਂ ਲੋਕਾਂ ਦੀ ਜਾਨ ਦਾ ਜੰਜਾਲ ਬਣ ਰਹੀਆਂ ਹਨ। ਦਸਮੇਸ਼ ਨਗਰ, ਦੀਦਾਰ ਨਗਰ,ਮਹਿਕ ਨਗਰ, ਮਾਤਾ ਗੁਜਰੀ ਇਨਕਲੇਵ, ਸਵਰਾਜ ਨਗਰ,ਅਮਨ ਸਿਟੀ,ਈਕੋ ਆਪਾਰਟਮੈਂਟ,ਜੰਤਾ ਨਗਰ ਵਗੈਰਾ ਕਲੋਨੀਆਂ ਦੇ ਲੋਕਾਂ ਲਈ ਝੁੱਗੀਆਂ ਰੋਡ ਉੱਤੇ ਲੱਗਦਾ ਜਾਮ ਮੁਸੀਬਤ ਬਣਿਆ ਹੋਇਆ ਹੈ। ਜਿਸ ਦਾ ਵੱਡਾ ਕਾਰਨ ਐੱਨ ਆਰ ਆਈ ਇੰਨਕਲੇਵ ਨਜਦੀਕ ਪੁੱਟੀ ਸੜਕ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਇੱਥੇ ਟ੍ਰੈਫਿਕ ਕੰਟਰੋਲ ਲਈ ਪੁਲਸ ਦੀ ਡਿਊਟੀ ਵੀ ਨਹੀਂ ਹੁੰਦੀ। ਜਿਸ ਕਰਕੇ ਵਾਹਨਾਂ ਵਾਲੇ ਆਪ ਹੀ ਇੱਧਰ ਉੱਧਰ ਤੋਂ ਰਸਤਾ ਬਣਾ ਕੇ ਜਾਮ ਵਿੱਚੋਂ ਨਿਕਲਣ ਦਾ ਯਤਨ ਕਰਦੇ ਦੇਖੇ ਜਾ ਸਕਦੇ ਹਨ। ਨਗਰ ਕੌਂਸਲ ਦੇ ਅਧਿਕਾਰੀ ਬਿਨਾਂ ਕਿਸੇ ਸਮਾਂ ਸੂਚੀ ਦੇ ਕੰਮ ਲਮਕਾ ਕੇ ਲੋਕਾਂ ਦੀ ਸਮੱਸਿਆ ਤੋਂ ਬੇਖਬਰ ਰਹਿੰਦੇ ਹਨ । ਜਿਸ ਦਾ ਖਮਿਆਜਾ ਉਕਤ ਕਲੋਨੀਆਂ ਅਤੇ ਆਸ-ਪਾਸ ਦੇ ਪਿੰਡਾਂ ਲੋਕਾਂ ਨੂੰ ਜਾਮ ਵਜੋਂ ਭੁਗਤਣਾ ਪੈਂਦਾ ਹੈ। ਡੈਮੋਕ੍ਰੇਟਿਕ ਰੈਜੀਡੈਂਟ ਐਸੋਸੀਏਸ਼ਨ ਦੇ ਪ੍ਰਧਾਨ ਮਲਕੀਤ ਸਿੰਘ ਰਾਣਾ ਨੇ ਦੱਸਿਆ ਕਿ ਝੁੱਗੀਆਂ ਰੋਡ ਉੱਤੇ ਹੋਈ ਦੁਕਾਨਾਂ ਦੀ ਉਸਾਰੀ ਸਮੇਂ ਪਾਰਕਿੰਗ ਪਲੇਸ ਨਾ ਹੋਣ ਕਰਕੇ ਸੜਕਾਂ ਉੱਤੇ ਗੱਡੀਆਂ ਦਾ ਖੜ੍ਹਨਾ ਵੀ ਟਰੈਫਿਕ ਦੀ ਸਮੱਸਿਆ ਖੜ੍ਹੀ ਕਰਦਾ ਹੈ। ਨਗਰ ਕੌਂਸਲ ਅਧਿਕਾਰੀ ਆਪਣੀ ਠੀਕ ਡਿਊਟੀ ਨਾ ਨਿਭਾਅ ਕੇ ਮਾਲਕਾਂ ਦੀ ਮਿਲੀਭੁਗਤ ਨਾਲ ਉਸਾਰੀਆਂ ਕਰਵਾਉਣ ਲਈ ਜ਼ਿੰਮੇਵਾਰ ਹਨ ਤੇ ਸਥਾਨਕ ਸਰਕਾਰਾਂ ਦੇ ਨੋਟੀਫਿਕੇਸ਼ਨ ਦੀਆਂ ਧੱਜੀਆਂ ਉਡਾ ਕੇ ਰਸਤਿਆਂ ਉੱਤੇ ਮਾਲਕਾਂ ਦੇ ਕਬਜੇ ਕਰਵਾਉਣ ਲਈ ਜ਼ਿੰਮੇਵਾਰ ਹਨ। ਦਸਮੇਸ਼ ਨਗਰ ਵਾਸੀ ਹਰਮਿੰਦਰ ਸਿੰਘ ਰੰਧਾਵਾ,ਐੱਨ ਆਰ ਆਈ ਕਲੋਨੀ ਦੇ ਵਸਨੀਕ ਹਰਬੰਸ ਸਿੰਘ ਭੱਟੀ,ਰਾਮ ਸਿੰਘ, ਅਮਰਜੀਤ ਸਿੰਘ ਅਤੇ ਅਵਤਾਰ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਟ੍ਰੈਫਿਕ ਦੀ ਸਮੱਸਿਆ ਦਾ ਜਲਦੀ ਹੱਲ ਕੱਢਿਆ ਜਾਵੇ।

ਡੀ ਟੀ ਐਫ ਦੇ ਸੂਬਾਈ ਇਜਲਾਸ 'ਚ ਮਾਝੇ ਤੇ ਦੋਆਬੇ ਦੇ ਵੱਡੀ ਗਿਣਤੀ ਅਧਿਆਪਕ ਭਾਗ ਲੈਣਗੇ

ਜਲੰਧਰ, (ਰਾਜੇਸ਼ ਬਾਪਾ)

ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ 18 ਫਰਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਧੇਵਾਲਾ (ਮੋਗਾ) ਵਿਖੇ ਕੀਤੇ ਜਾ ਰਹੇ ਸੂਬਾ ਪ੍ਰਤੀਨਿਧ ਕੌਂਸਲ ਦੇ ਇਜਲਾਸ ਵਿਚ ਜਲੰਧਰ, ਕਪੂਰਥਲਾ, ਗੁਰਦਾਸਪੁਰ ਅਤੇ ਪਠਾਨਕੋਟ 'ਚੋਂ ਵੱਡੀ ਗਿਣਤੀ ਵਿਚ ਅਧਿਆਪਕ ਸ਼ਮੂਲੀਅਤ ਕਰਨਗੇ। ਫਰੰਟ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਕੋਟਲੀ ਤੇ ਸਕੱਤਰ ਅਵਤਾਰ ਲਾਲ ਗੁਰਾਇਆ,ਕਪੂਰਥਲਾ ਦੇ ਪ੍ਰਧਾਨ ਚਰਨਜੀਤ ਸਿੰਘ ਤੇ ਸਕੱਤਰ ਸਰਵਨ ਸਿੰਘ ਅੰਜਲਾ, ਗੁਰਦਾਸਪੁਰ ਦੇ ਪ੍ਰਧਾਨ ਕਰਨੈਲ ਸਿੰਘ ਚਿੱਟੀ ਤੇ ਸਕੱਤਰ ਸੁਖਵਿੰਦਰ ਪਾਲ ਅਤੇ ਪਠਾਨਕੋਟ ਦੇ ਪ੍ਰਧਾਨ ਕੁਲਦਰਸ਼ਨ ਕੁਮਾਰ ਤੇ ਸਕੱਤਰ ਅਮਰੀਕ ਸਿੰਘ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦੇ ਕਿਹਾ ਕਿ ਜਥੇਬੰਦੀ ਦਾ ਇਜਲਾਸ ਉਸ ਸਮੇਂ ਹੋ ਰਿਹਾ ਹੈ,ਜਦੋਂ ਅਧਿਆਪਕ ਵਰਗ ਅੱਗੇ ਵਿਭਾਗ ਨੂੰ ਬਚਾਉਣ ਅਤੇ ਹੱਕ ਲੈਣ ਵਰਗੀਆਂ ਅਨੇਕਾਂ ਗੰਭੀਰ ਚੁਣੌਤੀਆਂ ਖੜ੍ਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਲਗਾਤਾਰ ਸੰਘਰਸ਼ਾਂ ਨਾਲ ਪ੍ਰਾਪਤ ਕੀਤੇ ਹੱਕਾਂ ਨੂੰ ਖੋਹ ਰਹੀਆਂ ਹਨ। ਸਮੇਂ-ਸਮੇਂ ਤੇ ਬਣਨ ਵਾਲੀ ਹਰ ਵੰਨਗੀ ਦੀ ਸਰਕਾਰ ਨੇ ਸਿੱਖਿਆ ਖੇਤਰ ਨਵੇਂ-ਨਵੇਂ ਤਜਰਬੇ ਕਰਕੇ ਸਿੱਖਿਆ ਨੂੰ ਤਬਾਹੀ ਦੇ ਕੰਢੇ ਲਿਆ ਖੜਾ ਕੀਤਾ ਹੈ। ਅਜਿਹੀ ਸਥਿਤੀ ਵਿਚ ਅਧਿਆਪਕ ਵਰਗ ਅੱਗੇ ਖੜ੍ਹੀਆਂ ਗੰਭੀਰ ਚੁਣੌਤੀਆਂ ਦਾ ਟਾਕਰਾ ਇਕ ਮਜਬੂਤ ਅਧਿਆਪਕ ਲਹਿਰ ਹੀ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਇਜਲਾਸ ਜਥੇਬੰਦੀ ਵੱਲੋਂ ਪਿਛਲੇ ਤਿੰਨ ਸਾਲਾਂ ਦੀ ਕਾਰਗੁਜਾਰੀ ਦੀ ਸਮੀਖਿਆ ਕਰਦਾ ਹੋਇਆ,ਜਥੇਬੰਦੀ ਨੂੰ ਮਜਬੂਤ ਕਰਨ ਅਤੇ ਚੁਣੌਤੀਆਂ ਦਾ ਟਾਕਰਾ ਕਰਨ ਲਈ ਅਗਲੇ ਤਿੰਨ ਸਾਲਾਂ ਲਈ ਸੂਬਾ ਕਮੇਟੀ ਦੀ ਚੋਣ ਵੀ ਕਰੇਗੀ। ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਡਮੁੱਲੇ ਸੁਝਾਅ ਦੇਣ ਲਈ ਇਜਲਾਸ ਦਾ ਹਿੱਸਾ ਜ਼ਰੂਰ ਬਣਨ।

ਸਿਹਤ ਵਿਭਾਗ 'ਈਟ ਰਾਈਟ' ਦੇ ਅੰਤਮ ਆਡਿਟ ਲਈ ਪੂਰੀ ਤਰ੍ਹਾਂ ਤਿਆਰ : ਮਹਾਜਨ

ਜਲੰਧਰ (ਸੁਰਿੰਦਰ ਕੁਮਾਰ)

ਸਿਹਤ ਵਿਭਾਗ 'ਈਟ ਰਾਈਟ' ਪਹਿਲਕਦਮੀ ਤਹਿਤ ਚੁਣੀਆਂ ਗਈਆਂ ਖਾਣ-ਪੀਣ ਵਾਲੇ ਸਾਮਾਨ ਦੀਆਂ ਦੁਕਾਨਾਂ (ਫੂਡ ਆਊਟਲੈਟਸ) ਦੇ ਅੰਤਿਮ ਆਡਿਟ ਲਈ ਪੂਰੀ ਤਰ੍ਹਾਂ ਤਿਆਰ ਹੈ ਕਿਉਂਕਿ ਇਸ ਪ੍ਰੋਗਰਾਮ ਅਧੀਨ ਪ੍ਰਮਾਣੀਕਰਣ ਲਈ ਸਾਰੀਆਂ ਜ਼ਰੂਰੀ ਲੋੜਾਂ ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹਨ। ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਮਹਾਜਨ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਸਿਟੀ ਰੇਲਵੇ ਸਟੇਸ਼ਨ, ਕੇ.ਐਮ.ਵੀ. ਕੈਂਪਸ, ਪ੍ਰਤਾਪੁਰਾ ਤੇ ਆਦਮਪੁਰ ਵਿਖੇ ਫਲ ਅਤੇ ਸਬਜੀ ਮੰਡੀਆਂ, ਆਦਰਸ਼ ਨਗਰ ਅਤੇ ਜਲੰਧਰ ਛਾਉਣੀ ਦੀਆਂ ਚੌਪਾਟੀਆਂ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਇਸ ਪਹਿਲਕਦਮੀ ਤਹਿਤ ਚੁਣੀਆਂ ਗਈਆਂ ਥਾਵਾਂ ਦੇ ਅੰਤਿਮ ਆਡਿਟ 'ਤੇ ਜ਼ੋਰ ਦਿੰਦਿਆਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਮੁੱਚੀ ਪ੍ਰਕਿਰਿਆ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿਹਤ ਅਫਸਰ ਡਾ. ਗੀਮਾ ਗੋਗੀਆ ਨੇ ਦੱਸਿਆ ਕਿ ਚੁਣੀਆਂ ਗਈਆਂ ਖਾਣ-ਪੀਣ ਵਾਲੇ ਸਾਮਾਨ ਦੀਆਂ ਦੁਕਾਨਾਂ ਦੇ ਪ੍ਰਮਾਣੀਕਰਣ ਲਈ ਜ਼ਰੂਰੀ ਲੋੜਾਂ ਪੂਰੀਆਂ ਕਰ ਲਈਆਂ ਗਈਆਂ ਹਨ। ਮੀਟਿੰਗ ਵਿੱਚ ਖਪਤਕਾਰ ਐਸੋਸੀਏਸ਼ਨ ਅਤੇ ਫੂਡ ਬਿਜ਼ਨਸ ਆਪ੍ਰੇਟਰ (ਐਫ.ਬੀ.ਓ.) ਐਸੋਸੀਏਸ਼ਨ ਦੇ ਮੈਂਬਰ ਵੀ ਮੌਜੂਦ ਸਨ। ਐਫ.ਬੀ.ਓਜ਼ ਐਸੋਸੀਏਸਨ ਨੇ ਯਕੀਨ ਦਿਵਾਇਆ ਕਿ ਲਾਇਸੰਸ/ਰਜਿਸਟ੍ਰੇਸ਼ਨ ਉਨ੍ਹਾਂ ਦੀਆਂ ਦੁਕਾਨਾਂ/ਇਮਾਰਤਾਂ ਵਿੱਚ ਪ੍ਰਮੁੱਖ ਸਥਾਨਾਂ 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਖਪਤਕਾਰਾਂ ਨੂੰ ਮਿਆਰੀ ਭੋਜਨ ਪਰੋਸਿਆ ਜਾਵੇਗਾ। ਉਨ੍ਹਾਂ ਫੂਡ ਬਿਜ਼ਨਸ ਆਪ੍ਰੇਟਰਾਂ ਨੂੰ ਆਪਣੇ ਆਪ ਨੂੰ ਐਫ.ਐਸ.ਐਸ.ਏ.ਆਈ.ਤਹਿਤ ਰਜਿਸਟਰ/ਲਾਇਸੰਸ ਪ੍ਰਾਪਤ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਰਜਿਸਟ੍ਰੇਸ਼ਨ/ਲਾਇਸੰਸ ਨੰਬਰ ਨੂੰ ਦੁਕਾਨ/ਇਮਾਰਤ 'ਚ ਪ੍ਰਦਰਸ਼ਿਤ ਕਰਨ ਤੋਂ ਇਲਾਵਾ ਬਿਲ੍ਹਾਂ 'ਤੇ ਜ਼ਰੂਰ ਦਰਸਾਉਣਾ ਚਾਹੀਦਾ ਹੈ। ਜ਼ਿਲ੍ਹਾ ਸਿਹਤ ਅਫਸਰ ਨੇ ਅੱਗੇ ਦੱਸਿਆ ਕਿ ਇਸ ਪਹਿਲਕਦਮੀ ਤਹਿਤ ਚੁਣੇ ਗਏ ਫੂਡ ਬਿਜ਼ਨਸ ਆਪ੍ਰੇਟਰਾਂ 'ਤੇ ਪਾਣੀ ਦੀ ਜਾਂਚ, ਐਫ.ਓ.ਐਸ.ਟੀ.ਏ.ਸੀ. ਸਿਖਲਾਈ, ਸਟਾਫ ਦਾ ਮੈਡੀਕਲ, ਭੋਜਨ ਦੇ ਨਮੂਨਿਆਂ ਦੀ ਜਾਂਚ ਅਤੇ ਪ੍ਰੀ-ਆਡਿਟ ਸਮੇਤ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ ਹਨ ਤਾਂ ਜੋ ਇਨ੍ਹਾਂ ਸਾਰੀਆਂ ਚੁਣੀਆਂ ਥਾਵਾਂ 'ਤੇ ਸਾਫ-ਸੁਥਰੇ ਤੇ ਮਿਆਰੀ ਭੋਜਨ ਦੀ ਵਿਕਰੀ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਆਖਰੀ ਆਡਿਟ ਤੋਂ ਬਾਅਦ ਸਾਰੇ ਭਾਗੀਦਾਰ ਐਫ.ਬੀ.ਓਜ਼ ਨੂੰ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

ਸਰਥਲੀ ਵਿਖੇ ਸੰਗਤ ਨੇ ਦੂਸਰੇ ਦਿਨ ਪ੍ਰਭਾਤ ਫੇਰੀ ਕੱਢੀ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-

ਪਿੰਡ ਸਰਥਲੀ ਦੇ ਇਤਿਹਾਸਕ ਸ਼ਿਵ ਮੰਦਰ ਵੱਲੋਂ ਸੰਗਤ ਦੇ ਸਹਿਯੋਗ ਨਾਲ ਦੂਜੇ ਦਿਨ ਪਿੰਡ 'ਚ ਪ੍ਰਭਾਤ ਫੇਰੀ ਕੱਢੀ ਗਈ। ਪ੍ਰਭਾਤ ਫੇਰੀ ਦੀ ਅਗਵਾਈ ਕਰ ਰਹੇ ਮੰਦਰ ਦੇ ਪ੍ਰਬੰਧਕ ਮਹੰਤ ਧੀਰਜ ਗਿਰੀ ਨੇ ਆਖਿਆ ਕਿ ਉਹ ਸੰਗਤ ਭਾਗਸ਼ਾਲੀ ਹੈ ਜਿਸਨੂੰ ਇਸ ਪਵਿੱਤਰ ਉਤਸਵ 'ਚ ਭਾਗ ਲੈਣ ਦਾ ਮੌਕਾ ਨਸੀਬ ਹੋਇਆ ਹੈ। ਉਨਾਂ ਸੰਗਤ ਨੂੰ ਉਪਦੇਸ਼ ਦਿੱਤਾ ਕਿ ਉਹ ਸੱਚੇ ਮਨ ਨਾਲ ਭਗਵਾਨ ਭੋਲੇ ਸ਼ੰਕਰ ਦੀ ਅਰਚਨਾ ਕਰੇ ਅਤੇ ਮਨਚਾਹਿਆ ਫਲ ਹਾਸਿਲ ਕਰੇ। ਪ੍ਰਭਾਤ ਫੇਰੀ ਦੌਰਾਨ ਸੰਗਤਾਂ ਵੱਲੋਂ ਸਮੁੱਚੇ ਪਿੰਡ ਦੀ ਪਰਿਕਰਮਾ ਕੀਤੀ ਗਈ ਅਤੇ ਵੱਖ-ਵੱਖ ਸਥਾਨਾਂ 'ਤੇ ਰੁਕ ਕੇ ਸੰਗਤ ਨੇ ਕੀਰਤਨ ਕੀਤਾ। ਇਸ ਦੌਰਾਨ ਪ੍ਰਭਾਤ ਫੇਰੀ ਨਾਲ ਚੱਲ ਰਹੀਆਂ ਸੰਗਤਾਂ ਵੱਲੋਂ ਭਗਵਾਨ ਸ਼ਿਵ ਦੀ ਮਹਿਮਾ ਦਾ ਗੁਣਗਾਨ ਕੀਤਾ ਜਾ ਰਿਹਾ ਸੀ। ਇਸ ਦੌਰਾਨ ਉਕਤ ਪ੍ਰਭਾਤ ਫੇਰੀ ਪਿੰਡ ਦੇ ਕਈ ਘਰਾਂ 'ਚ ਰੁਕੀ ਜਿੱਥੇ ਲੋਕਾਂ ਨੇ ਸੰਗਤ ਦਾ ਭਰਵਾਂ ਸਵਾਗਤ ਕੀਤਾ। ਪ੍ਰਭਾਤ ਫੇਰੀ ਦੌਰਾਨ ਸਰਪੰਚ ਵਿਜੇ ਕੁਮਾਰ, ਇੰਸ. ਸੰਤ ਕੁਮਾਰ ਸਰਥਲੀ, ਬਲਜਿੰਦਰ ਸਿੰਘ, ਸੇਵਾਦਾਸ, ਅੰਮ੍ਰਿਤ ਲਾਲ ਤੇ ਚਰਨਜੀਤ ਸਹਿਤ ਭਾਰੀ ਸੰਖਿਆ 'ਚ ਸੰਗਤ ਤੇ ਪਿੰਡ ਵਾਸੀ ਸ਼ਾਮਲ ਸਨ।

ਬਰਸਾਲਪੁਰ ਵਿਖੇ ਚਾਰ ਰੋਜ਼ਾ ਤ੍ਰਿਤੀਆ ਸੋਪਾਨ ਟੈਸਟਿੰਗ ਕੈਂਪ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)

ਮੁੱਖ ਅਧਿਆਪਕ ਰਾਜੇਸ਼ ਕੁਮਾਰ ਦੀ ਰਹਿਨੁਮਾਈ ਹੇਠ ਤੇ ਸਕਾਊਟ ਮਾਸਟਰ ਸਰਬਜੀਤ ਸਿੰਘ ਦੀ ਪ੍ਰੇਨਾ ਸਦਕਾ ਚਾਰ ਰੋਜ਼ਾ ਤ੍ਰਿਤੀਆ ਸੋਪਾਨ ਟੈਸਟਿੰਗ ਕੈਂਪ ਸਰਕਾਰੀ ਹਾਈ ਸਕੂਲ ਬਰਸਾਲਪੁਰ ਵਿਖੇ ਲਗਾਇਆ ਗਿਆ। ਸਮਾਪਤੀ ਸਮਾਰੋਹ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਰੂਪਨਗਰ ਪ੍ਰੇਮ ਕੁਮਾਰ ਮਿੱਤਲ ਬਤੌਰ ਮੁੱਖ ਮਹਿਮਾਨ ਪਹੁੰਚੇ। ਉਨ੍ਹਾਂ ਨਾਲ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਅਤੇ ਸੁਧਾਰ ਟੀਮ ਦੇ ਮੈਂਬਰ ਪ੍ਰਭਜੀਤ ਸਿੰਘ ਤੇ ਸੰਜੀਵ ਕੁਮਾਰ ਵੀ ਉਚੇਚੇ ਤੌਰ 'ਤੇ ਪਹੁੰਚੇ। ਕੈਂਪ ਵਿੱਚ ਬਤੌਰ ਰਿਸੋਰਸ ਪਰਸਨ ਚਰਨਜੀਤ ਸਿੰਘ, ਸ੍ਰੀਮਤੀ ਪਰਮਿੰਦਰ ਕੌਰ, ਸ੍ਰੀਮਤੀ ਰਣਧੀਰ ਕੌਰ, ਜ਼ਿਲ੍ਹਾਂ ਕੋਆਰਡੀਨੇਟਰ ਰਾਬਿੰਦਰ ਸਿੰਘ ਰੱਬੀ ਹਾਜ਼ਰ ਸਨ। ਜ਼ਿਲ੍ਹਾ ਸਿੱਖਿਆ ਅਫਸਰ ਨੇ ਕਿਹਾ ਕਿ ਬਰਸਾਲਪੁਰ ਸਕੂਲ ਨੇ ਨਿਵੇਕਲਾ ਕਾਰਜ ਕੀਤਾ ਹੈ। ਕੈਂਪ ਦੀ ਸਮੁੱਚੀ ਕਾਰਜ ਸ਼ੈਲੀ ਵੇਖਦਿਆਂ ਬੈਸਟ ਸਕਾਊਟ ਮਨਦੀਪ ਸਿੰਘ ਅਤੇ ਬੈਸਟ ਗਾਈਡ ਸਿਮਰਨਪ੍ਰੀਤ ਕੌਰ ਨੂੰ ਕੱਢਿਆ ਗਿਆ। ਕੈਂਪ ਦੌਰਾਨ ਸਕਾਊਟ ਐਂਡ ਗਾਈਡ ਨੇ ਗਾਜਿੱਟ ਤਿਆਰ ਕੀਤੇ। ਸੇਵਾ ਭਾਵਨਾ ਲਈ ਸਨਮਾਨ ਜ਼ਸਨਪ੍ਰੀਤ ਸਿੰਘ ਅਤੇ ਮੁਹੰਮਦ ਇਰਸ਼ਾਦ ਨੂੰ ਦਿੱਤਾ ਗਿਆ। ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕੈਂਪ ਦੀ ਸਫਲਤਾ ਵੇਖਦਿਆਂ 1100 ਰੁਪਏ ਦਾਨ ਵਜੋਂ ਦਿੱਤੇ। ਪ੍ਰਿੰਸੀਪਲ ਅਵਤਾਰ ਸਿੰਘ ਨੇ ਤੇ ਪਰਮਿੰਦਰ ਕੌਰ ਪੰਦੋਹਲ ਨੇ ਵੀ 1100 ਰੁਪਏ ਦਾਨ ਵਜੋਂ ਦਿੱਤੇ। ਸਾਇੰਸ ਮਾਸਟਰ ਤੇਜਿੰਦਰ ਸਿੰਘ ਬਾਜ਼ ਨੇ ਸਟੇਜ ਸੈਕਟਰੀ ਦੀ ਭੂਮਿਕਾ ਬਾਖੂਬੀ ਨਿਭਾਈ। ਇਸ ਸਮੇਂ ਸ਼ੈਲੀ ਵਰਮਾ, ਅੰਜੂ ਬਾਲਾ,ਹਰਿੰਦਰ ਸਿੰਘ, ਹਰਪ੍ਰੀਤ ਕੌਰ,ਧਰਮਿੰਦਰ ਸਿੰਘ ਨੱਥਮਲਪੁਰ, ਪੁਨੀਤ ਸਿੰਘ, ਝਰਮਲ ਸਿਘ ਚੇਅਰਮੈਨ, ਹਰਿੰਦਰ ਸਿੰਘ, ਸਰਪੰਚ ਪੁਸ਼ਪਿੰਦਰ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸਨ।

ਬੇਗਮਪੁਰਾ ਟਾਈਗਰ ਫੋਰਸ ਨੇ ਨਸ਼ੇ ਦੇ ਵਿਰੋਧ 'ਚ ਆਪ ਸਰਕਾਰ ਦਾ ਪੁਤਲਾ ਫੁਕਿਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

'ਨੌਜਵਾਨ ਦੇਸ਼ ਦਾ ਸਰਮਾਇਆਫਰ ਹੁੰਦੇ ਹਨ। ਅੱਜ ਦੇ ਨੌਜਵਾਨਾਂ ਦੇ ਮੋਢਿਆਂ 'ਤੇ ਹੀ ਦੇਸ਼ ਦਾ ਭਵਿੱਖ ਟਿਕਿਆ ਹੋਇਆ ਹੈ। ਇਸ ਲਈ ਪੰਜਾਬ ਭਰ ਵਿੱਚ ਵਗ ਰਹੇ ਨਸ਼ੇ ਦੇ ਛੇਵੇਂ ਦਰਿਆ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਨੂੰ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ। ਕਿਉਂਕਿ ਦੇਸ਼ ਦੀ ਜਵਾਨੀ ਨਸ਼ਿਆਂ ਵਿੱਚ ਪੈ ਕੇ ਖਤਮ ਹੁੰਦੀ ਜਾ ਰਹੀ ਹੈ।" ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੁਸ਼ਾਂਤ ਮੰਮਣ ਸੀਨੀਅਰ ਮੀਤ ਪ੍ਰਧਾਨ ਸ਼ਹਿਰੀ ਬੇਗਮਪੁਰਾ ਟਾਈਗਰ ਫੋਰਸ ਨੇ ਕਸਬਾ ਬਜਵਾੜਾ ਵਿਖੇ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਦੀ ਅਗਵਾਈ ਵਿੱਚ ਨਸ਼ਿਆਂ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਸਾੜਨ ਮੌਕੇ ਕੀਤਾ। ਇਸ ਮੌਕੇ ਹਾਜਰ ਫੋਰਸ ਦੇ ਹਲਕਾ ਚੱਬੇਵਾਲ ਤੋਂ ਪ੍ਰਧਾਨ ਸਨੀ ਸੀਣਾ, ਦੋਆਬਾ ਇੰਚਾਰਜ ਜੱਸਾ ਨੰਦਨ, ਹਰਨੇਕ ਅਜਨੋਹਾ ਸੀਨੀਅਰ ਮੀਤ ਪ੍ਰਧਾਨ ਦੁਆਬਾ, ਜ਼ਿਲ੍ਹਾ ਸਕੱਤਰ ਸਮੇਤ ਸੰਗਠਨ ਦੇ ਹੋਰ ਅਹੁਦੇਦਾਰਾਂ

16-FEB-PAGE-10.qxd 2/15/2023 10:51 PM Page 1

ਬੂਟਾ ਸਿੰਘ ਬੁਰਜਗਿੱਲ ਦੇ ਗੁੱਟ ਨੂੰ ਜਥੇਬੰਦੀ 'ਚੋਂ ਕੀਤਾ ਖਾਰਜ

■ ਮਨਜੀਤ ਧਨੇਰ ਬਣੇ ਕਾਰਜਕਾਰੀ ਪ੍ਰਧਾਨ

ਬਠਿੰਡਾ (ਪਰਵਿੰਦਰ ਜੀਤ ਸਿੰਘ) ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾ ਪੱਧਰੀ ਜਨਰਲ ਕੌਂਸਲ ਗੁਰਦੁਆਰਾ ਸਾਹਿਬ ਹਾਜੀ ਰਤਨ ਵਿਖੇ ਮਨਜੀਤ ਸਿੰਘ ਧਨੇਰ, ਗੁਰਦੀਪ ਸਿੰਘ ਰਾਮਪੁਰਾ, ਬਲਵੰਤ ਸਿੰਘ ਉੱਪਲੀ ਤੇ ਕੁਲਵੰਤ ਸਿੰਘ ਕਿਸ਼ਨਗੜ੍ਹ ਅਤੇ ਸੂਬਾ ਕਮੇਟੀ ਮੈਂਬਰਾਂ ਅਧਾਰਤ ਜਨਰਲ ਕੌਂਸਲ ਵਿੱਚੋਂ ਚੁਣੀ ਗਈ ਪ੍ਰਜੀਡੀਅਮ ਦੀ ਅਗਵਾਈ ਹੇਠ ਹੋਈ। ਜਨਰਲ ਕੌਂਸਲ ਦੀ ਸ਼ੁਰੂਆਤ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਾਨੀ ਪ੍ਰਧਾਨ ਬਲਕਾਰ ਸਿੰਘ ਡਕੌਂਦਾ, ਕਿਸਾਨ ਲਹਿਰ ਦੇ ਅਤੇ ਦਿੱਲੀ ਕਿਸਾਨ ਮੋਰਚੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ। ਇਸ ਜਨਰਲ ਕੌਂਸਲ ਵਿੱਚ 14 ਜ਼ਿਲ੍ਹਿਆਂ ਵਿੱਚੋਂ 500 ਜਨਰਲ ਕੌਂਸਲ ਮੈਂਬਰਾਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ ਤੇ ਗੰਭੀਰ ਬਹਿਸ ਵਿਚਾਰ ਕੀਤੀ। ਜਨਰਲ ਕੌਂਸਲ ਦੀ ਲੋੜ ਤੇ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਜਥੇਬੰਦੀ ਦੇ ਸੰਵਿਧਾਨ, ਐਲਾਨਨਾਮੇ ਤੇ ਮਰਿਆਦਾ ਤੋਂ ਆਗੂਆਂ/ਵਰਕਰਾਂ ਨੂੰ ਵਿਸਥਾਰ ਵਿੱਚ ਜਾਣੂ ਕਰਾਇਆ। ਬੂਟਾ ਸਿੰਘ ਬੁਰਜਗਿੱਲ, ਜਗਮੋਹਨ ਸਿੰਘ ਪਟਿਆਲਾ ਤੇ ਗੁਰਮੀਤ ਸਿੰਘ ਭੱਟੀਵਾਲ ਦੇ ਗੁੱਟ ਵੱਲੋਂ ਗੈਰ ਸੰਵਿਧਾਨਕ, ਗੁੱਟ ਬੰਦਕ, ਫੁੱਟ ਪਾਊ ਤਾਨਾਸ਼ਾਹ ਢੰਗ ਨਾਲ ਜਥੇਬੰਦੀ ਵਿੱਚੋਂ ਖਾਰਜ ਕਰਨ ਦੇ ਫੈਸਲੇ ਨੂੰ ਰੱਦ ਤੇ ਇਨ੍ਹਾਂ ਆਗੂਆਂ ਨੂੰ ਬਹਾਲ ਕਰਨ ਦਾ ਮਤਾ ਪੇਸ਼ ਕੀਤਾ। ਹਾਊਸ ਨੇ ਬੂਟਾ ਸਿੰਘ ਬੁਰਜਗਿੱਲ ਦੇ ਗੁੱਟ ਵੱਲੋਂ ਕੀਤੀ ਗੈਰ ਸੰਵਿਧਾਨਕ ਕਾਰਵਾਈ ਨੂੰ ਰੱਦ ਕਰ ਦਿੱਤਾ ਅਤੇ ਇਨ੍ਹਾਂ ਆਗੂਆਂ ਨੂੰ ਬਹਾਲ ਕਰ ਦਿੱਤਾ। ਜਨਰਲ ਕੌਂਸਲ ਮੈਂਬਰਾਂ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਪਿਛਲੇ 17 ਸਾਲ ਤੋਂ ਮਰਹੂਮ ਸਾਥੀ ਬਲਕਾਰ ਸਿੰਘ ਡਕੌਂਦਾ ਦੀ ਅਗਵਾਈ ਵਿੱਚ 2007 ਵਿੱਚ ਜਥੇਬੰਦੀ ਦੇ ਫ਼ਤਿਹਗੜ੍ਹ ਸਾਹਿਬ ਵਿਖੇ ਹੋਏ ਸੂਬਾ ਇਜਲਾਸ ਵਿੱਚ ਤਹਿ ਕੀਤੀ ਕਾਰਜ ਵਿਉਂਤ ਸਮਝਦਾਰੀ ਦੀ ਵਿਸਥਾਰ ਵਿੱਚ ਵਿਆਖਿਆ ਕੀਤੀ। ਪਿਸ਼ੌਰਾ ਸਿੰਘ ਗੁੱਟ ਵੱਲੋਂ ਏਜੰਸੀਆਂ ਨਾਲ ਮਿਲੀਭੁਗਤ ਤੇ ਘੋਲਾਂ ਤੋਂ ਭਗੌੜਾ ਦੀ ਨੀਤੀ ਨਾਲੋਂ ਦੋ ਟੁੱਕ ਨਿਖੇੜਾ ਕੀਤਾ। ਆਗੂਆਂ ਕਿਹਾ ਕਿ ਅਸੀਂ ਕਿਸਾਨੀ ਸੰਕਟ ਦੇ ਅਸਲ ਕਾਰਨ ਤੇ ਇਸ ਦੇ ਜ਼ਿੰਮੇਵਾਰ ਤਾਕਤਾਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਦਿਆਂ ਤਹਿ ਕੀਤਾ ਸੀ ਕਿ 1990-91 ਤੋਂ ਲਾਗੂ ਕੀਤੀਆਂ ਨੀਤੀਆਂ ਨੂੰ 2014 ਵਿੱਚ ਮੋਦੀ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਤੇਜ਼ੀ ਨਾਲ ਲਾਗੂ ਕਰਨਾ ਸ਼ੁਰੂ ਕੀਤਾ ਹੋਇਆ ਹੈ।

ਅਸੀਂ ਕਿਸੇ ਇੱਕ ਸਰਕਾਰ ਨੂੰ ਜ਼ਿੰਮੇਵਾਰ ਨਹੀਂ, ਸਗੋਂ ਸਮੇਂ-ਸਮੇਂ ਦੀਆਂ ਸੱਭੇ ਸਰਕਾਰਾਂ ਨੂੰ ਜ਼ਿੰਮੇਵਾਰ ਟਿਕਿਆ ਸੀ। 2020 ਵਿੱਚ ਖੇਤੀਬਾੜੀ ਕਾਨੂੰਨਾਂ ਵਿਰੋਧੀ ਤਿੰਨ ਕਾਨੂੰਨ ਵੱਡੇ ਕਾਰਪੋਰੇਟ ਘਰਾਣਿਆਂ ਕੋਲ ਖੇਤੀ ਸੱਭਿਆਚਾਰ ਨੂੰ ਵੇਚ ਦੇਣਾ ਉਸੇ ਕੜੀ ਦਾ ਜਾਰੀ ਰੂਪ ਸੀ। ਸਾਡੀ ਜਥੇਬੰਦੀ ਦੀ ਪਹਿਲਕਦਮੀ ਸਦਕਾ ਹੀ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਮੋਦੀ ਸਰਕਾਰ ਦੇ ਖ਼ਿਲਾਫ਼ ਪੰਜਾਬ ਤੋਂ ਸ਼ੁਰੂ ਹੋਇਆ ਸਾਂਝਾ ਸੰਘਰਸ਼ ਦਿੱਲੀ ਦੇ ਬਾਰਡਰਾਂ 'ਤੇ ਪਹੁੰਚਿਆ ਸੀ। ਲੱਖ ਮੁਸ਼ਕਲਾਂ ਦੇ ਬਾਵਜੂਦ ਇਹ ਇਤਿਹਾਸਕ ਕਿਸਾਨ ਜੇਤੂ ਘੋਲ 9 ਦਸੰਬਰ ਨੂੰ ਕੇਂਦਰੀ ਸਰਕਾਰ ਵੱਲੋਂ ਲਿਖਤੀ ਵਿਸ਼ਵਾਸ ਦੇਣ ਤੋਂ ਉਪਰੰਤ 11 ਦਸੰਬਰ 2021 ਨੂੰ ਦਿੱਲੀ ਦੇ ਬਾਰਡਰਾਂ ਤੋਂ ਸੰਘਰਸ਼ ਨੂੰ ਮੁਅੱਤਲ ਕਰਕੇ ਵਾਪਸ ਪੁੱਜਾ ਸੀ। ਇਸ ਘੋਲ ਦੌਰਾਨ ਬੂਟਾ ਸਿੰਘ ਬੁਰਜਗਿੱਲ, ਜਗਮੋਹਨ ਸਿੰਘ ਪਟਿਆਲਾ ਤੇ ਗੁਰਮੀਤ ਸਿੰਘ ਭੱਟੀਵਾਲ ਦੇ ਗੁੱਟ ਵੱਲੋਂ ਕੇਂਦਰੀ ਸਰਕਾਰ ਦੀਆਂ ਏਜੰਸੀਆਂ ਤੇ ਮੰਤਰੀਆਂ ਨਾਲ ਮਿਲੀਭੁਗਤ ਕਰਕੇ ਗੱਲਬਾਤ ਕੀਤੀ, ਸਾਰੀਆਂ ਸੰਵਿਧਾਨਕ ਮਰਿਆਦਾਵਾਂ ਨੂੰ ਟਿੱਚ ਜਾਣਿਆ। ਤਿੰਨ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਤੋਂ ਪਿੱਛੇ ਹਟ ਕੇ ਗੈਰ ਅਸੂਲੀ ਸਮਝੌਤਾ ਕਰਨ ਦੀ ਸਾਜ਼ਿਸ਼ ਰਚੀ। ਅਜਿਹਾ ਕਰਨ ਤੋਂ ਹੋਰਨਾਂ ਸੂਬਾਈ ਆਗੂਆਂ ਨੇ ਵਾਰ-ਵਾਰ ਰੋਕਿਆ। ਆਗੂਆਂ ਕਿਹਾ ਕਿ ਮੋਰਚਾ ਜਿੱਤ ਕੇ ਵਾਪਸ ਆਉਣ ਤੋਂ ਬਾਅਦ ਅਸੀਂ ਜਥੇਬੰਦਕ ਅਦਾਰਿਆਂ ਵਿੱਚ ਜ਼ੁਬਾਨੀ ਅਤੇ ਲਿਖਤੀ ਰੂਪ ਵਿੱਚ ਇਹ ਅਤਿ ਗੰਭੀਰ ਮਸਲੇ ਉੱਪਰ ਵਿਚਾਰ ਚਰਚਾ ਕਰਕੇ ਹੱਲ ਕਰਨ ਦੀ ਮੰਗ ਕੀਤੀ। ਇਸ ਤੋਂ ਵੀ ਅੱਗੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਬੂਟਾ ਸਿੰਘ ਬੁਰਜਗਿੱਲ ਦੇ ਦਿੱਲੀ ਕਿਸਾਨ ਮੋਰਚੇ ਦੌਰਾਨ ਏਜੰਸੀਆਂ ਤੇ ਸਰਕਾਰ ਨਾਲ ਸਾਂਝ ਭਿਆਲੀ ਵਾਲੇ ਅਮਲ ਸਬੰਧੀ ਜਾਰੀ ਕੀਤੀ ਚਿੱਠੀ ਉੱਪਰ ਬਹਿਸ ਕਰਾਉਣ ਤੋਂ ਭਗੌੜਾ ਹੋ ਗਿਆ। ਬੂਟਾ ਸਿੰਘ ਬੁਰਜਗਿੱਲ ਦਾ ਗੁੱਟ ਅਣਗੌਲਿਆ ਹੀ ਨਹੀਂ ਕਰਦਾ ਰਿਹਾ, ਸਗੋਂ ਜਥੇਬੰਦੀ ਦੇ ਅੰਦਰ ਸਵਾਲ ਉਠਾਉਣ ਵਾਲੇ ਸੂਬਾ ਆਗੂਆਂ ਨੂੰ ਗੈਰਸੰਵਿਧਾਨਕ, ਗੁੱਟ ਬੰਦਕ ਤੇ ਫੁੱਟ ਪਾਊ ਅਮਲ ਰਾਹੀਂ ਜਥੇਬੰਦੀ ਵਿੱਚੋਂ ਕੱਢਣ ਦਾ ਅਮਲ ਚਲਾਉਣ ਵਿੱਚ ਗਲਤਾਨ ਰਿਹਾ। ਇਸੇ ਕਰਕੇ ਹੁਣ ਇਸ ਗੁੱਟ ਦੇ ਗੈਰਸੰਵਿਧਾਨਕ, ਗੁੱਟ ਬੰਦਕ ਅਮਲ ਨੂੰ ਵਿਚਾਰਨ ਲਈ ਜਥੇਬੰਦੀ ਦਾ ਸੁਪਰੀਮ ਅਦਾਰਾ ਸੂਬਾ ਜਨਰਲ ਕੌਂਸਲ ਹੀ ਰਹਿ ਗਈ ਹੈ। ਸੰਵਿਧਾਨਕ ਤੌਰ 'ਤੇ ਜਦੋਂ ਲੀਡਰਸ਼ਿਪ ਅਦਾਰਿਆਂ ਵਿੱਚ ਅਜਿਹੇ ਅਮਲ ਦੀ ਪੜਚੋਲ ਕਰਨ ਤੋਂ ਭਗੌੜੀ ਹੋ ਜਾਵੇ ਤਾਂ ਜਥੇਬੰਦੀ ਦੇ ਸੰਵਿਧਾਨ ਤੇ ਐਲਾਨਨਾਮੇ ਦੀ ਰਾਖੀ ਕਰਨਾ ਸਾਡਾ ਫ਼ਰਜ਼ ਬਣ ਜਾਂਦਾ ਹੈ। ਅਜਿਹਾ ਕਰਨ ਲਈ ਸੰਵਿਧਾਨ ਬਖਾਇਦਾ ਇਜਾਜ਼ਤ ਦਿੰਦਾ ਹੈ। ਜਨਰਲ ਕੌਂਸਲ ਵਿੱਚ ਬੂਟਾ ਸਿੰਘ ਬੁਰਜਗਿੱਲ, ਜਗਮੋਹਣ ਸਿੰਘ ਪਟਿਆਲਾ ਤੇ ਗੁਰਮੀਤ ਸਿੰਘ ਭੱਟੀਵਾਲ ਨੂੰ ਜਥੇਬੰਦੀ ਵਿੱਚੋਂ ਖਾਰਜ ਕੀਤਾ ਤੇ ਜਨਰਲ ਕੌਂਸਲ ਮੈਂਬਰਾਂ ਨੇ ਸਰਬਸੰਮਤੀ ਨਾਲ ਆਉਣ ਵਾਲੇ ਸਮੇਂ ਲਈ ਸੱਤ ਮੈਂਬਰੀ ਸੂਬਾ ਐਕਟਿੰਗ ਕਮੇਟੀ ਦੀ ਚੋਣ ਕੀਤੀ। ਮਨਜੀਤ ਸਿੰਘ ਧਨੇਰ ਪ੍ਰਧਾਨ, ਹਰਨੇਕ ਸਿੰਘ ਮਹਿਮਾ ਜਨਰਲ ਸਕੱਤਰ, ਗੁਰਦੀਪ ਸਿੰਘ ਰਾਮਪੁਰਾ ਸੀਨੀਅਰ ਮੀਤ ਪ੍ਰਧਾਨ, ਹਰੀਸ ਨੱਢਾ ਮੀਤ ਪ੍ਰਧਾਨ, ਬਲਵੰਤ ਸਿੰਘ ਉੱਪਲੀ ਖ਼ਜ਼ਾਨਚੀ, ਅੰਗਰੇਜ਼ ਸਿੰਘ ਪ੍ਰੈਸ ਸਕੱਤਰ, ਕੁਲਵੰਤ ਸਿੰਘ ਕਿਸ਼ਨਗੜ੍ਹ ਸੂਬਾ ਕਮੇਟੀ ਮੈਂਬਰ ਵਜੋਂ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਕਮੇਟੀ ਦੀ ਅਗਵਾਈ ਵਿੱਚ ਨਵੀਂ ਮੈਂਬਰਸ਼ਿਪ ਕਰਕੇ ਸੂਬਾ ਇਜਲਾਸ ਕੀਤਾ ਜਾਵੇਗਾ। ਸੂਬਾ ਆਗੂਆਂ ਨੇ ਸਮੁੱਚੇ ਪੰਜਾਬ ਦੇ ਜਨਰਲ ਕੌਂਸਲ ਮੈਂਬਰਾਂ ਨੂੰ ਇਸ ਜਨਰਲ ਕੌਂਸਲ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਹਰਨੇਕ ਸਿੰਘ ਮਹਿਮਾ ਵੱਲੋਂ ਸਟੇਜ ਦੀ ਕਾਰਵਾਈ ਸੁਚੱਜੇ ਵਿਉਂਤਬੱਧ ਢੰਗ ਨਾਲ ਚਲਾਉਂਦਿਆਂ ਮਤੇ ਪੇਸ਼ ਕੀਤੇ। ਕੇਂਦਰੀ ਸਰਕਾਰ ਵੱਲੋਂ ਐਸਕੇਐਮ ਨਾਲ ਕੀਤੇ ਲਿਖਤੀ ਵਾਅਦੇ ਵਿੱਚ ਦਰਜ ਮੰਗਾਂ ਉਠ ਪੂਰੀਆਂ ਕਰਨ ਲਈ ਚੱਲ ਰਹੇ ਸੰਘਰਸ਼ ਦਾ ਸਰਗਰਮ ਹਿੱਸਾ ਬਣੇ ਰਹਿਣ,ਬਜਟ ਸੈਸਨ ਦੌਰਾਨ 20 ਮਾਰਚ ਨੂੰ ਪਾਰਲੀਮੈਂਟ ਵੱਲ ਕੀਤੇ ਜਾਣ ਵਾਲੇ ਮਾਰਚ ਵਿੱਚ ਵੱਡੀ ਸ਼ਮੂਲੀਅਤ ਕਰਨ, ਕਿਸਾਨਾਂ ਸਿਰ ਚੜ੍ਹੇ ਕਰਜ਼ੇ ਉੱਪਰ ਲੀਕ ਫੇਰਨ, ਲਖੀਮਪੁਰ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਖੇਤੀਬਾੜੀ ਅਤੇ ਵਾਤਾਵਰਨ ਦੀ ਰਾਖੀ ਲਈ ਨਵੀਂ ਲੋਕ/ਸਮਾਜ ਪੱਖੀ ਨੀਤੀ ਲੈ ਕੇ ਆਉਣ, ਖੇਤੀ, ਵਿੱਦਿਆ, ਸਿਹਤ ਸਹੂਲਤਾਂ ਲਈ ਬਜਟ ਵਧਾਉਣ, ਪੰਜਾਬ ਸਮੇਤ ਸਾਰੇ ਰਾਜਾਂ ਦੇ ਅਧਿਕਾਰਾਂ ਵਿੱਚ ਕੇਂਦਰ ਵੱਲੋਂ ਦਖਲਅੰਦਾਜ਼ੀ ਬੰਦ ਕਰਨ, ਪੰਜਾਬ ਦੇ ਦਰਿਆਈ ਪਾਣੀਆਂ ਉੱਪਰ ਡਾਕਾ ਮਾਰਨਾ ਬੰਦ ਕਰਨ, ਮੁਲਕ ਭਰ ਵਿੱਚ ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ, ਵੱਖ-ਵੱਖ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ ਅਤੇ ਆਮ ਕੈਦੀਆਂ ਨੂੰ ਰਿਹਾਅ ਕਰਨ, ਯੂਏਪੀਏ ਅਧੀਨ ਨਜ਼ਰਬੰਦ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਵਿਦਿਆਰਥੀਆਂ, ਸਮਾਜਿਕ ਕਾਰਕੁੰਨਾਂ ਨੂੰ ਰਿਹਾਅ ਕਰਨ, ਮੈਡੀਕਲ ਪ੍ਰੈਕਟੀਸ਼ਨਰਜ਼, ਮਜ਼ਦੂਰਾਂ, ਮੁਲਾਜ਼ਮਾਂ, ਬੇਰੁਜ਼ਗਾਰਾਂ ਦੇ ਸੰਘਰਸ਼, ਲਤੀਫ਼ਪੁਰਾ ਉਜਾੜਾ ਅਤੇ ਜੀਰਾ ਸਰਾਬ ਫੈਕਟਰੀ ਖਿਲਾਫ ਚੱਲ ਰਹੇ ਸੰਘਰਸ਼, ਪੱਖੋਂ ਕੈਂਚੀਆਂ ਟੋਲ ਪਲਾਜ਼ਾ ਬੰਦ ਕਰਨ, ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਕਾਰਪੋਰੇਟ ਘਰਾਣਿਆਂ ਖਾਸ ਕਰਕੇ ਅਡਾਨੀ ਵਰਗਿਆਂ ਦੀ ਜ਼ਮੀਨ ਜਾਇਦਾਦ ਜ਼ਬਤ ਕਰਨ, ਸਿੱਖ ਬੰਦੀਆਂ ਦੀ ਰਿਹਾਈ ਲਈ ਮੋਹਾਲੀ ਮੋਰਚੇ ਵਿੱਚ 20 ਫਰਵਰੀ ਅਤੇ ਦਿੱਲੀ ਵਿਖੇ 20 ਮਾਰਚ ਹੋਣ ਵਾਲੇ ਮਾਰਚ ਵਿੱਚ ਭਰਵੀਂ ਸਮੂਲੀਅਤ ਕਰਨ ਦਾ ਐਲਾਨ ਕਰਨ ਦੇ ਮਤੇ ਅਕਾਸ਼ ਗੁੰਜਾਊ ਨਾਅਰਿਆਂ ਨਾਲ ਪਾਸ ਕੀਤੇ ਗਏ। ਜਨਰਲ ਕੌਂਸਲ ਵਿੱਚ ਦੋ ਦਰਜਨ ਵਧੇਰੇ ਕਿਸਾਨ ਆਗੂਆਂ ਨੇ ਬਹਿਸ ਵਿਚਾਰ ਵਿੱਚ ਭਾਗ ਲਿਆ।ਇਸ ਜਨਰਲ ਕੌਂਸਲ ਵਿੱਚ ਔਰਤਾਂ ਅਤੇ ਨੌਜਵਾਨ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

ਮਾਂ ਬੋਲੀ ਦਿਵਸ ਤਿਉਹਾਰ ਵਾਂਗ ਮਨਾਇਆ ਜਾਵੇ : ਬੇਅੰਤ ਕੌਰ ਗਿੱਲ

ਮੋਗਾ (ਅਮਰਜੀਤ ਬੱਬਰੀ) ਮਾਂ ਬੋਲੀ ਦਿਵਸ ਕਿਸੇ ਵੀ ਕੌਮ ਲਈ ਬਹੁਤ ਮਹੱਤਵਪੂਰਨ ਦਿਨ ਹੁੰਦਾ ਹੈ। 21 ਫਰਵਰੀ ਦਾ ਦਿਨ ਮਾਂ ਬੋਲੀ ਨੂੰ ਸਮਰਪਤ ਦਿਹਾੜਾ ਹੈ, ਜੋ ਪੰਜਾਬੀਆਂ ਨੂੰ ਤਿਉਹਾਰ ਵਾਂਗ ਮਨਾਉਣਾ ਚਾਹੀਦਾ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬੀ ਲੇਖਿਕਾ ਬੇਅੰਤ ਕੌਰ ਗਿੱਲ ਨੇ ਕੀਤਾ। ਉਨ੍ਹਾਂ ਪੰਜਾਬੀ ਪ੍ਰੇਮੀਆਂ ਪਾਠਕਾਂ ਤੇ ਸਮੂਹ ਲੇਖਕ ਵਰਗ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਇਸ ਦਿਨ ਨਵੀਂ ਪੀੜ੍ਹੀ ਨੂੰ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦਾ ਕਾਰਜ ਕਰਨ। ਇਸ ਦਿਨ ਅਸੀਂ ਇਹ ਸੰਕਲਪ ਕਰੀਏ ਕਿ ਆਪਣੀ ਬੋਲਚਾਲ ਤੇ ਲਿਖਣ ਪੜ੍ਹਨ ਦੇ ਕਾਰਜ ਪੰਜਾਬੀ ਵਿਚ ਕਰਾਂਗੇ। ਇਹ ਦਿਨ ਪੂਰੀ ਤਰ੍ਹਾਂ ਇਕ ਖਾਸ ਰੂਪ ਵਿੱਚ ਮਨਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਨਵ ਪੰਜਾਬੀ ਸਾਹਿਤ ਸਭਾ ਦੇ ਸਰਗਰਮ ਮੈਂਬਰ ਵਿਵੇਕ ਜੀ ਕੋਟ ਈਸੇ ਖਾਂ ਤੇ ਸਾਹਿਤ ਸਭਾ ਤਲਵੰਡੀ ਭਾਈ ਦੇ ਸੀਨੀਅਰ ਮੈਂਬਰ ਸ਼ਾਇਰ ਸਤਪਾਲ ਖੁੱਲਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਉਨ੍ਹਾਂ ਦੀਆਂ ਸਭਾਵਾਂ ਇਲਾਕੇ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਲਈ ਕਾਰਜ ਕਰ ਰਹੀਆ ਹਨ। ਉਨ੍ਹਾਂ ਨੇ ਵੀ ਪੰਜਾਬੀ ਪਾਠਕਾਂ ਨੂੰ ਇਹ ਦਿਨ ਸਮਰਪਿਤ ਭਾਵ ਨਾਲ ਮਨਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਵਿਰਸੇ ਅਤੇ ਸਾਹਿਤ ਬਾਰੇ ਜਾਣਕਾਰੀ ਦਿੱਤੀ ਜਾਵੇ ਤੇ ਪੰਜਾਬੀ ਪੁਸਤਕਾਂ ਅਖ਼ਬਾਰ ਪੜ੍ਹਨ ਲਈ ਪ੍ਰੇਰਿਤ ਕੀਤਾ ਜਾਵੇ। ਮਾਤ ਭਾਸ਼ਾ ਦਿਵਸ ਨੂੰ ਆਮ ਲੋਕਾਂ ਨਾਲ ਜੋੜਨ ਬਾਰੇ ਵੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਅੰਤ ਵਿੱਚ ਬੇਅੰਤ ਕੌਰ ਗਿੱਲ ਵੱਲੋਂ ਆਪਣਾ ਨਵਾਂ ਨਾਵਲ 'ਤਬਾਦਲਾ' ਮਹਿਮਾਨ ਲੇਖਕਾਂ ਨੂੰ ਭੇਟ ਕੀਤਾ।

ਕਾਤਰਾਂ

ਵਧੀਕ ਡਿਪਟੀ ਕਮਿਸ਼ਨਰ ਵੱਲੋਂ ਅਜ਼ਾਦੀ ਘੁਲਾਟੀਆਂ ਦੇ ਵਾਰਡਾਂ ਦੇ ਅਧਿਕਾਰੀਆਂ ਨਾਲ ਮੀਟਿੰਗ

ਬਰਨਾਲਾ, (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਜ਼ਾਦੀ ਘੁਲਾਟੀਆਂ, ਉਨ੍ਹਾਂ ਦੇ ਵਾਰਡਾਂ ਦੇ ਮਸਲੇ ਹੱਲ ਕਰਨ ਲਈ ਵਿਸ਼ੇਸ਼ ਸ਼ਿਕਾਇਤ ਨਿਵਾਰਨ ਮੁਹਿੰਮ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਲਵਜੀਤ ਕਲਸੀ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ 'ਚ ਮੀਟਿੰਗ ਕੀਤੀ। ਉਨ੍ਹਾਂ ਆਜ਼ਾਦੀ ਘੁਲਾਟੀਆਂ/ਵਾਰਡਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਪੁੱਛਿਆ। ਉਨ੍ਹਾਂ ਕਿਹਾ ਕਿ ਆਜ਼ਾਦੀ ਘੁਲਾਟੀਏ ਤੇ ਉਨ੍ਹਾਂ ਦੇ ਪਰਵਾਰ ਸਾਡੇ ਦੇਸ਼ ਦਾ ਸਰਮਾਇਆ ਹਨ, ਜਿਨ੍ਹਾਂ ਨੂੰ ਦਫ਼ਤਰਾਂ 'ਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਮੈਡਮ ਲਵਜੀਤ ਕਲਸੀ ਨੇ ਕੁਝ ਮਸਲੇ ਮੌਕੇ 'ਤੇ ਹੱਲ ਕੀਤੇ ਅਤੇ ਬਾਕੀ ਸਮੱਸਿਆਵਾਂ ਦੇ ਸਮਾਂਬੱਧ ਨਿਬੇੜੇ ਲਈ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਇਸ ਮੌਕੇ ਆਜ਼ਾਦੀ ਘੁਲਾਟੀਆਂ ਦੇ ਵਾਰਡ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸੰਜੀਵ ਗਰਗ ਬਾਦਸ਼ਾਹਪੁਰ ਇਲਾਕੇ ਦੇ ਇੰਚਾਰਜ ਨਿਯੁਕਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) : ਭਾਜਪਾ ਹਾਈਕਮਾਨ ਵੱਲੋਂ ਸਮਾਣਾ ਤੋਂ ਸੀਨੀਅਰ ਭਾਜਪਾ ਆਗੂ ਸੰਜੀਵ ਗਰਗ ਨੂੰ ਬਾਦਸ਼ਾਹਪੁਰ ਸਰਕਲ ਇੰਚਾਰਜ ਨਿਯੁਕਤ ਕਰਨ ਉਪਰੰਤ ਗਰਗ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ । ਇਸ ਮੌਕੇ ਸੰਜੀਵ ਗਰਗ ਨੇ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਪਟਿਆਲਾ ਸਾਊਥ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ , ਸੁਰਿੰਦਰ ਸਿੰਘ ਖੇੜਕੀ ਹਲਕਾ ਇੰਚਾਰਜ ਸਮਾਣਾ ਅਤੇ ਬੀਬਾ ਜੈ ਇੰਦਰ ਕੌਰ ਮੀਤ ਪ੍ਰਧਾਨ ਪੰਜਾਬ ਦਾ

16-FEB-2023-page-11-Majha-advt.qxd 2/15/2023 10:55 PM Page 1

ਐੱਸ ਡੀ ਐੱਮ ਦਫਤਰ ਲੱਗਾ ਮੋਰਚਾ 189ਵੇਂ ਦਿਨ 'ਚ ਦਾਖਲ

1 ਮਾਰਚ ਨੂੰ ਹੋਵੇਗਾ ਕਿਸਾਨਾਂ/ਮਜ਼ਦੂਰਾਂ ਦਾ ਲਾਮਿਸਾਲ ਇਕੱਠ: ਸਭਰਾਂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਮਜਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਝੰਡੇ ਹੇਠ ਐੱਸਡੀਐੱਮ ਦਫਤਰ ਅੱਗੇ ਅਣਮਿੱਥੇ ਸਮੇ ਲਈ ਲੱਗਾ ਮੋਰਚਾ 189ਵੇਂ ਦਿਨ ਵਿੱਚ ਦਾਖਲ ਹੋ ਗਿਆ। ਇਹ ਜਾਣਕਾਰੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਸੰਗਠਨ ਸੁਖਵਿੰਦਰ ਸਿੰਘ ਸਭਰਾਂ ਨੇ ਮੋਰਚੇ ਵਿੱਚ ਹਾਜ਼ਰੀ ਭਰਦੇ ਹੋਏ ਸਾਂਝੀ ਕੀਤੀ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਸਾਨ ਆਗੂ ਸੁਖਵਿੰਦਰ ਸਿੰਘ ਸਭਰਾਂ, ਤਰਸੇਮ ਸਿੰਘ ਧਾਰੀਵਾਲ, ਸਵਰਨ ਸਿੰਘ ਹਰੀਕੇ, ਹਰਿੰਦਰ ਸਿੰਘ ਆਸਲ, ਗੁਰਜੰਟ ਸਿੰਘ ਭੱਗੂਪੁਰ, ਜਗਰਾਜ ਸਿੰਘ ਸਭਰਾ ਰਾਜਸਥਾਨੀ ਨੇ ਕਿਹਾ ਕਿ ਪਛਿਲੇ ਲਗਭਗ ਛੇ ਮਹੀਨਿਆਂ ਤੋਂ ਐੱਸਡੀਐੱਮ ਦਫਤਰ ਅੱਗੇ ਲੱਗੇ ਧਰਨੇ 'ਤੇ ਪ੍ਰਸ਼ਾਸਨ ਵੱਲੋਂ ਧਿਆਨ ਨਾ ਦੇਣ ਦੇ ਰੋਸ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪੱਟੀ ਜ਼ੋਨ ਵੱਲੋਂ ਐੱਸਡੀਐੱਮ ਦਫਤਰ ਅੱਗੇ ਲੱਗੇ ਧਰਨੇ ਵਿੱਚ ਕਿਸਾਨ/ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ ਕਿਉਂਕਿ ਪੱਟੀ ਹਲਕੇ ਨਾਲ ਸਬੰਧਤ ਮਸਲਿਆਂ ਨੂੰ ਲੈ ਕੇ ਜਿਵੇਂ ਪਿੰਡ ਸੀਤੋ ਨੋ ਬਆਦ ਰੋਹੀ ਦੀ ਮੁਕੰਮਲ ਖਲਵਾਹੀ ਕਰਕੇ ਪਾਣੀ ਦਰਿਆ ਵਿੱਚ ਪੁੱਜਦਾ ਕੀਤਾ ਜਾਵੇ, ਪਿੰਡ ਸੰਗਵਾਂ, ਆਸਲ, ਭੱਗੂਪੁਰ ਤੇ ਪਰਿਗੜ੍ਹੀ ਵਾਲੀ ਸੜਕ 'ਤੇ ਲੁਕ ਬੱਜਰੀ ਪਾ ਕੇ ਬਣਾਇਆ ਜਾਵੇ, ਅਮ੍ਰਿਤਸਰ ਤੋਂ ਵਾਇਆ ਪੱਟੀ ਖੇਮਕਰਨ ਸੜਕ ਵਿਚ ਰੁੱਖ ਟੋਏ ਥੰਭੇ ਆਦਿ ਹਟਾਏ ਜਾਣ, ਪਿੰਡਾਂ ਦੀਆਂ ਲਿੰਕ ਸੜਕਾਂ ਦੀ ਨਿਸ਼ਾਨਦੇਹੀ ਕਰਕੇ ਕਿਨਾਰਿਆਂ 'ਤੇ ਰੁੱਖ ਲਗਾਏ ਜਾਣ, ਲੋਕਾਂ ਦੇ ਹਿੱਤ ਦੀ ਗੱਲ ਕਰਦਿਆਂ ਕਿਸਾਨ ਆਗੂਆਂ 'ਤੇ ਹੋਏ ਪਰਚਿਆ ਨੂੰ ਰੱਦ ਕਰਵਾਉਣ, ਪਾਣੀ ਅਤੇ ਵਾਤਾਵਰਣ ਖਰਾਬ ਕਰਦੀਆਂ ਫੈਕਟਰੀਆ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਆਦਿ ਮਸਲਿਆਂ ਨੂੰ ਲੈ ਕੇ ਅਣਮਿੱਥੇ ਸਮੇ ਲਈ ਮੋਰਚਾ ਲਗਾਤਾਰ ਚੱਲ ਰਿਹਾ ਪਰ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਨਾਲ ਵੀ ਕਈ ਮੀਟਿੰਗਾਂ ਤੋਂ ਬਾਅਦ ਕਿਸੇ ਮਸਲੇ ਦਾ ਠੋਸ ਹੱਲ ਨਹੀ ਕੱਢਿਆ ਗਿਆ ਸਿਰਫ ਥੋੜੇ ਜਿਹੇ ਕੰਮ ਚਲਾ ਕਾ ਖਾਨਾ ਪੂਰਤੀ ਕੀਤੀ ਗਈ ਹੈ। ਇਸ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਅਤੇ ਸੂਬਾ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਕੇ 1 ਮਾਰਚ ਨੂੰ ਐੱਸਡੀਐੱਮ ਦਫਤਰ ਪੱਟੀ ਅੱਗੇ ਵੱਡਾ ਇਕੱਠ ਕਰਨ ਦਾ ਐਲਾਨ ਕੀਤਾ ਗਿਆ ਅਤੇ ਕਿਸਾਨ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੰਮਾਂ ਦੀ ਰਫਤਾਰ ਤੇਜ਼ ਨਾ ਹੋਈ ਤਾਂ ਹਲਕਾ ਵਿਧਾਇਕ ਅਤੇ ਪ੍ਰਸ਼ਾਸਨ ਨੂੰ ਲੋਕਾਂ ਦੇ ਰੋਸ ਦਾ ਸਾਹਮਣਾ ਕਰਨਾ ਔਖਾ ਹੋਵੇਗਾ। ਇਸ ਮੌਕੇ ਬਲਕਾਰ ਸਿੰਘ ਸਭਰਾਂ, ਅਮਰਜੀਤ ਸਿੰਘ ਸਭਰਾਂ, ਪ੍ਰਕਾਸ਼ ਸਿੰਘ ਸਭਰਾਂ, ਗੁਰਦਿਆਲ ਸਿੰਘ ਸਭਰਾਂ, ਅਮਰ ਸਿੰਘ, ਸ਼ਿੰਗਾਰਾ ਸਿੰਘ, ਖਜਾਨ ਸਿੰਘ, ਧਰਮ ਸਿੰਘ, ਬਲਵੰਤ ਸਿੰਘ, ਰਛਪਾਲ ਸਿੰਘ, ਡਾ. ਹੀਰਾ ਸਿੰਘ ਚੂਸਲੇਵੜ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਬੀਰਦਵਿੰਦਰ ਸਿੰਘ ਪੱਟੀ ਆਦਿ ਹਾਜ਼ਰ ਸਨ।

ਜੀ ਐੱਨ ਡੀ ਯੂ ਵੱਲੋਂ ਰੈਗੂਲਰ/ਪ੍ਰਾਈਵੇਟ ਪ੍ਰੀਖਿਆ ਫਾਰਮ ਭਰਨ ਦਾ ਸ਼ਡਿਊਲ ਜਾਰੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸੈਸ਼ਨ ਮਈ 2023 ਅੰਡਰ ਗਰੈਜੂਏਟ ਕਲਾਸਾਂ ਸਮੈਸਟਰ ਦੂਜਾ, ਚੌਥਾ, ਛੇਵਾਂ, ਅੱਠਵਾਂ, ਦਸਵਾਂ ਅਤੇ ਪੋਸਟ ਗਰੈਜੂਏਟ ਸਮੈਸਟਰ ਦੂਜਾ, ਚੌਥਾ ਦੇ ਪੂਰੇ ਵਿਸ਼ੇ/ਰੀ-ਅਪੀਅਰ/ਸਪੈਸ਼ਲ ਚਾਂਸ/ਇੰਪਰੂਵਮੈਂਟ/ਵਾਧੂ ਵਿਸ਼ਾ (ਬੀ.ਐੱਡ. ਸਮੈਸਟਰ ਦੂਜਾ, ਲਾਅ ਐੱਫਵਾਈਆਈਸੀ/ ਟੀਵਾਈਸੀ ਸਮੈਸਟਰ ਦੂਜਾ ਤੋਂ ਬਗੈਰ) ਪ੍ਰੀਖਿਆ ਫਾਰਮ ਆਨਲਾਈਨ ਪੋਰਟਲ 'ਤੇ ਭਰਨ ਅਤੇ ਫੀਸਾਂ ਆਨਲਾਈਨ/ਕੈਸ਼/ਡਰਾਫਟ ਦੁਆਰਾ ਨਿਰਧਾਰਤ ਮਿਤੀਆਂ ਅਨੁਸਾਰ ਲਏ ਜਾਣੇ ਹਨ।

ਪ੍ਰੋ. ਇੰਚਾਰਜ ਪ੍ਰੀਖਿਆਵਾਂ ਡਾ. ਪਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਦੇ ਨਾਲ ਹੀ ਸਾਲਾਨਾ ਪ੍ਰੀਖਿਆਵਾਂ ਰੈਗੂਲਰ/ਰੀਅਪੀਅਰ/ਵਾਧੂ ਵਿਸ਼ਾ/ਸਪੈਸ਼ਲ ਚਾਂਸ/ ਇੰਪਰੂਵਮੈਂਟ ਦੇ ਫਾਰਮ ਮੈਨੂਅਲ ਤੌਰ 'ਤੇ ਯੂਨੀਵਰਸਿਟੀ ਕੈਸ਼ ਕਾਊਂਟਰ ਵਿਖੇ ਨਿਰਧਾਰਤ ਸ਼ਡਿਊਲ ਅਨੁਸਾਰ ਲਏ ਜਾਣੇ ਹਨ। ਉਨ੍ਹਾਂ ਦੱਸਿਆ ਕਿ ਲਾਅ (ਟੀਵਾਈਸੀ) ਸਮੈਸਟਰ ਦੂਜਾ ਅਤੇ ਲਾਅ (ਐੱਫਵਾਈਆਈਸੀ) ਸਮੈਸਟਰ ਦੂਜਾ, ਬੀ.ਐੱਡ. ਸਮੈਸਟਰ ਦੂਜਾ ਦਾ ਸ਼ਡਿਊਲ ਬਾਅਦ ਵਿਚ ਜਾਰੀ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਪਰੋਕਤ ਮਿਤੀਆਂ ਵਿਚ ਤਿੰਨ ਕੰਮ ਵਾਲੇ ਦਿਨ, ਗਰੇਸ ਵਜੋਂ ਸ਼ਾਮਿਲ ਕਰ ਦਿੱਤੇ ਗਏ ਹਨ, ਇਸ ਲਈ ਗਰੇਸ ਦਿਨਾਂ ਵਜੋਂ ਕੋਈ ਹੋਰ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਪ੍ਰੀਖਿਆਰਥੀਆਂ ਲਈ ਫੀਸ ਸਲਿਪ ਪ੍ਰਿੰਟ ਕਰਨ/ਆਨਲਾਈਨ ਫੀਸ ਭਰਨ ਦੀ ਆਖਰੀ ਮਿਤੀ, ਰੈਗੂਲਰ ਵਿਦਿਆਰਥੀਆਂ ਦੇ ਕਾਲਜਾਂ ਵਲੋਂ ਪੋਰਟਲ ਉਤੇ ਤਚਲਹਕਫਵਤ ਤਕ;ਕਫਵ ਕਰਨ ਅਤੇ ਚਲਾਨ ਪ੍ਰਿੰਟ ਕਰਨ ਦੀ ਆਖਰੀ ਮਿਤੀ ਅਤੇ ਸਲਾਨਾ ਪ੍ਰੀਖਿਆਵਾਂ ਲਈ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਬਿਨਾਂ ਲੇਟ ਫੀਸ ਤੋਂ 3 ਮਾਰਚ, 2023 ਹੈ। ਉਨ੍ਹਾਂ ਦੱਸਿਆ ਕਿ ਦੋ ਸੌ ਪੰਜਾਹ ਰੁਪਏ ਲੇਟ ਫੀਸ ਨਾਲ ਆਖਰੀ ਮਿਤੀ 10 ਮਾਰਚ, ਪੰਜ ਸੌ ਨਾਲ 14 ਮਾਰਚ, ਇਕ ਹਜ਼ਾਰ ਨਾਲ 17 ਮਾਰਚ ਅਤੇ ਦੋ ਹਜ਼ਾਰ ਨਾਲ 20 ਮਾਰਚ ਆਖਰੀ ਮਿਤੀ ਹੈ। ਉਨ੍ਹਾਂ ਦੱਸਿਆ ਕਿ ਇਕ ਹਜ਼ਾਰ ਰੁਪਏ ਪ੍ਰਤੀ ਦਿਨ (ਵੱਧ ਤੋਂ ਵੱਧ ਤੀਹ ਹਜ਼ਾਰ ਰੁਪਏ) ਲੇਟ ਫੀਸ ਨਾਲ ਫਾਰਮ ਪ੍ਰੀਖਿਆ ਸ਼ੁਰੂ ਹੋਣ ਤੋਂ ਦਸ ਦਿਨ ਪਹਿਲਾਂ ਜਮ੍ਹਾਂ ਕਰਵਾਏ ਜਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਪਾਈਵੇਟ ਪ੍ਰੀਖਿਆਰਥੀਆਂ ਵੱਲੋਂ ਬੈਂਕ ਵਿਚ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਅਤੇ ਰੈਗੂਲਰ ਵਿਦਿਆਰਥੀਆਂ ਦੀ ਕਾਲਜਾਂ ਵੱਲੋਂ ਡਰਾਫਟ ਰਾਹੀਂ ਯੂਨੀਵਰਸਿਟੀ ਕੈਸ਼ ਕਾਊਂਟਰ ਜਾਂ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਬਿਨਾਂ ਲੇਟ ਫੀਸ ਤੋਂ 10 ਮਾਰਚ, ਦੋ ਸੌ ਪੰਜਾਹ ਨਾਲ 14 ਮਾਰਚ, ਪੰਜ ਸੌ ਰੁਪਏ ਨਾਲ 17 ਮਾਰਚ, ਇਕ ਹਜ਼ਾਰ ਨਾਲ 20 ਮਾਰਚ ਅਤੇ ਦੋ ਹਜ਼ਾਰ ਰੁਪਏ ਨਾਲ 22 ਮਾਰਚ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਕ ਹਜ਼ਾਰ ਰੁਪਏ ਪ੍ਰਤੀ ਦਿਨ (ਵੱਧ ਤੋਂ ਵੱਧ ਤੀਹ ਹਜ਼ਾਰ ਰੁਪਏ) ਲੇਟ ਫੀਸ ਨਾਲ ਫਾਰਮ ਪ੍ਰੀਖਿਆ ਸ਼ੁਰੂ ਹੋਣ ਤੋਂ ਦਸ ਦਿਨ ਪਹਿਲਾਂ ਜਮਾਂ ਕਰਵਾਏ ਜਾ ਸਕਦੇ ਹਨ।

ਲੌਹੁਕਾ ਸ਼ਰਾਬ ਫੈਕਟਰੀ ਖਿਲਾਫ ਕਿਸਾਨਾਂ ਤੇ ਮਜ਼ਦੂਰਾਂ ਫੂਕਿਆ ਪੁਤਲਾ

ਤਰਨਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਜਥੇਬੰਦੀ ਵੱਲੋਂ ਪਿੰਡ ਰੈਸੀਆਣਾ ਵਿਚ ਜ਼ੋਨ ਬਾਬਾ ਬੀਰ ਸਿੰਘ ਜੀ ਦੀ ਮੀਟਿੰਗ ਕੀਤੀ। ਮੀਟਿੰਗ ਉਪਰੰਤ ਕਿਸਾਨਾਂ ਤੇ ਮਜ਼ਦੂਰਾਂ ਨੇ ਲੌਹੁਕਾ ਸ਼ਰਾਬ ਫੈਕਟਰੀ ਵਲੋਂ ਧਰਤੀ ਹੇਠਾਂ ਪਾਏ ਜਾ ਰਹੇ ਗੰਦੇ ਪਾਣੀ ਖਿਲਾਫ ਗੋਇੰਦਵਾਲ-ਤਰਨਤਾਰਨ ਰੋਡ ਜਾਮ ਕਰਕੇ ਪ੍ਰਦੂਸ਼ਣ ਵਿਭਾਗ ਤੇ ਸਰਕਾਰ ਦਾ ਪੁਤਲਾ ਫੂਕਿਆ ਗਿਆ। 23 ਫਰਵਰੀ ਨੂੰ ਪ੍ਰਦੂਸ਼ਣ ਵਿਭਾਗ ਅੰਮ੍ਰਿਤਸਰ ਅੱਗਾ ਧਰਨਾ ਲਾਇਆ ਜਾਵੇਗਾ। ਮੀਟਿੰਗ ਵਿੱਚ ਜ਼ੋਨ ਦੇ ਸਾਰੇ ਅਹੁਦੇਦਾਰ ਹਾਜ਼ਰ ਹੋਏ ਤੇ ਮੀਟਿੰਗ ਦੀ ਸਮਾਪਤੀ ਤੋਂ ਬਾਅਦ ਪਿਛਲੇ ਦਿਨੀਂ ਪ੍ਰਦੂਸ਼ਣ ਵਿਭਾਗ ਦੇ ਕਰਮਚਾਰੀਆਂ ਨੂੰ ਲੌਹੁਕਾ ਸ਼ਰਾਬ ਫੈਕਟਰੀ ਦੇ ਧਰਤੀ ਹੇਠ ਪਾਏ ਜਾ ਰਹੇ ਗੰਦੇ ਪਾਣੀ ਦੇ ਖਿਲਾਫ ਜੋ ਮੰਗ ਪੱਤਰ ਦਿੱਤਾ ਸੀ ਉਸ ਉਤੇ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਇਹ ਪੁਤਲਾ ਫੂਕਿਆ ਗਿਆ।

ਇਸ ਮੌਕੇ ਰੋਸ ਪ੍ਰਦਰਸਨ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ, ਫਤਿਹ ਸਿੰਘ ਪਿੱਦੀ, ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ, ਬਲਜਿੰਦਰ ਸਿੰਘ ਸੋਰੋਂ ਨੇ ਕਿਹਾ ਕਿ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਮੁਕਾਉਣ ਲਈ ਕਿਸਾਨੀ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ ਕਿ ਕਿਸਾਨ ਨੇ ਪਾਣੀ ਖਤਮ ਕਰ ਦਿੱਤਾ ਹੈ ਜਦਕਿ ਕਿਸਾਨ ਸਾਲ ਵਿੱਚ ਸਿਰਫ 60 ਦਿਨ ਜਾਂ 1440 ਘੰਟੇ ਹੀ ਪਾਣੀ ਵਰਤਦਾ ਹੈ। ਝੋਨੇ ਦੇ ਸੀਜ਼ਨ 'ਚ 6 ਜਾਂ 8 ਘੰਟੇ ਬਿਜਲੀ ਆਉਂਦੀ ਹੈ ਤੇ 8 ਘੰਟੇ ਦੇ ਹਿਸਾਬ ਨਾਲ 3 ਦਿਨਾਂ ਵਿੱਚ 24 ਘੰਟੇ ਜਾਂ ਇਕ ਦਿਨ ਬਣਦਾ ਹੈ ਜਦਕਿ ਫੈਕਟਰੀਆਂ ਸਾਰਾ ਸਾਲ 365 ਦਿਨ ਹੀ ਧਰਤੀ ਹੇਠੋਂ ਪਾਣੀ ਕੱਢਦੀਆਂ ਹਨ ਤੇ ਗੰਦਾ ਹੋਇਆ ਪਾਣੀ ਫਿਰ ਧਰਤੀ ਹੇਠਾਂ ਪਾਉਂਦੀਆਂ ਹਨ। 23 ਫਰਵਰੀ ਨੂੰ ਪ੍ਰਦੂਸ਼ਣ ਵਿਭਾਗ ਅਮ੍ਰਿਤਸਰ ਵਿਖੇ ਧਰਨਾ ਵੀ ਦਿੱਤਾ ਜਾਵੇਗਾ। ਇਸ ਮੌਕੇ ਫਤਿਹ ਸਿੰਘ ਪਿੱਦੀ, ਗਿਆਨਦੀਪ ਬਾਗੜੀਆਂ, ਦਰਸ਼ਨ ਸਿੰਘ ਪੰਡੋਰੀ ਗੋਲਾ, ਫੁੱਮਣ ਸਿੰਘ ਬਾਠ, ਬੂਟਾ ਸਿੰਘ ਸੰਘੇ, ਦਰਸ਼ਨ ਸਿੰਘ ਅਲਾਵਲਪੁਰ, ਜੱਸਾ ਸਿੰਘ ਨੌਰੰਗਾਬਾਦ, ਜਲਵਿੰਦਰ ਸਿੰਘ ਰੈਸੀਆਣਾ, ਸਤਨਾਮ ਸਿੰਘ ਬੰਗਾਲੀਪੁਰ, ਰਣਜੀਤ ਸਿੰਘ ਕਲੇਰ, ਅਮਨਦੀਪ ਸਿੰਘ, ਸਰਮੁੱਖ ਸਿੰਘ ਸੋਰੋ, ਸੁਖਦੇਵ ਸਿੰਘ ਸਹਾਬਪੁਰ, ਅਵਤਾਰ ਸਿੰਘ, ਸੁਖਦੇਵ ਸਿੰਘ ਅਲਾਦੀਨਪੁਰ, ਤਰਸੇਮ ਸਿੰਘ ਦੁੱਗਲਵਾਲਾ, ਨਿਰਮਲ ਸਿੰਘ ਪਿੱਦੀ ਆਦਿ ਹਾਜ਼ਰ ਸਨ।

ਵੈਲੇਨਟਾਇਨ ਡੇਅ ਦੀ ਥਾਂ ਚਾਰ ਸਾਧਾਰਨ ਪਾਠ ਕਰਵਾ ਕੇ ਮਨਾਇਆ ਮਾਂ ਦਿਵਸ

ਧਾਲੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)-ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣਿਆ ਜਾਂਦਾ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਇੱਕ ਅਜਿਹੀ ਸੰਸਥਾ ਹੈ ਜਿਹੜੀ ਵਿਦਿਆਰਥੀਆਂ ਨੂੰ ਇਕ ਚੰਗੇ ਇਨਸਾਨ ਬਣਾਉਣ ਦੀ ਟਕਸਾਲ ਹੈ ਅਤੇ ਜਿਥੇ ਨਕਾਰਾਤਮਕਤਾ ਨੂੰ ਖਤਮ ਕਰਕੇ ਸਾਕਾਰਾਤਮਿਕ ਰੁਚੀਆਂ ਪ੍ਰਫੁੱਲਿਤ ਕੀਤੀਆਂ ਜਾਂਦੀਆਂ ਹਨ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਅਜਿਹੀ ਉਦਾਹਰਣ ਇਸ ਸੰਸਥਾ ਦੀਆਂ ਵਿਦਿਆਰਥਣਾਂ ਨੇ ਮਾਂ ਦਿਵਸ ਮਨਾ ਕੇ ਪੇਸ਼ ਕੀਤੀ। ਇਸ ਮੌਕੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਕਿਹਾ ਕਿ ਜਿੱਥੇ ਸਾਰਾ ਨੌਜਵਾਨ ਵਰਗ ਆਪਣੇ ਸੰਸਕਾਰ ਸੱਭਿਆਚਾਰ ਨੂੰ ਭੁੱਲ ਕੇ ਫੋਕੇ ਦਾਅਵਿਆਂ ਵਾਲੇ ਪੱਛਮੀ ਸਭਿਆਚਾਰ ਦੇ ਅਧੀਨ ਵੈਲਨਟਾਈਨ ਡੇਅ ਮਨਾ ਰਿਹਾ ਹੈ ਉਥੇ ਸਾਡੇ ਕਾਲਜ ਦੇ ਵਿਦਿਆਰਥੀ ਮਾਵਾਂ ਦੇ ਪਿਆਰ 'ਚ ਮਾਵਾਂ ਦੀ ਮਹਿਕ-ਮਾਂ ਦਿਵਸ ਮਨਾ ਰਹੇ ਹਨ ਜਿਸ ਦੌਰਾਨ ਕਾਲਜ ਦੀਆਂ 200 ਵਿਦਿਆਰਥਣਾਂ ਵਲੋਂ 50-50 ਦੇ ਗਰੁੱਪ 'ਚ ਕਾਲਜ ਦੀਆਂ ਬਹੁਤ ਹੀ ਸਤਿਕਾਰਯੋਗ ਚਾਰ ਮਾਵਾਂ ਮਾਤਾ ਸੁਦਰਸ਼ਨ ਕੌਰ ਭਾਮ, ਸੁਖਵਿੰਦਰ ਕੌਰ ਉਦੇਨੰਗਲ, ਹਰਬੰਸ ਕੌਰ ਗਿੱਲਵਾਲੀ ਅਤੇ ਕੰਸ ਕੌਰ ਸਲਾਹਪੁਰ ਨੂੰ ਅਕੀਦਤ ਦੇ ਫੁੱਲ ਭੇਟ ਕਰਨ ਲਈ 4 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਪ੍ਰੋਗਰਾਮ ਦਾ ਆਗਾਜ਼ ਡਾ: ਬਲਚਰਨ ਸਿੰਘ ਭਾਟੀਆ ਭਾਟੀਆ ਹਸਪਤਾਲ ਕਾਦੀਆਂ ਅਤੇ ਉਨ੍ਹਾਂ ਦੀ ਪਤਨੀ ਨੇ ਕੀਤਾ। ਡਾਕਟਰ ਬਲਚਰਨ ਸਿੰਘ ਭਾਟੀਆ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਮਾਂ ਆਪਣੇ ਬੱਚੇ ਲਈ ਪਹਿਲਾ ਅਧਿਆਪਕ, ਆਗੂ, ਪਾਲਣਹਾਰ ਅਤੇ ਇਕ ਚੰਗਾ ਲੀਡਰ ਹੈ। ਉਨ੍ਹਾਂ ਨੇ ਕਿਹਾ ਕਿ ਮੈਨੂੰ ਇਸ ਸੰਸਥਾ ਦੀਆਂ ਵਿਦਿਆਰਥਣਾਂ 'ਤੇ ਮਾਣ ਹੈ ਕਿਉਂਕਿ ਭਵਿੱਖ ਦੀਆਂ ਮਾਵਾਂ ਜੇਕਰ ਅਜਿਹੇ ਸੰਸਕਾਰਾਂ ਵਾਲੀਆਂ ਹੋਣਗੀਆਂ ਤਾਂ ਸਾਡੀਆਂ ਕਈ ਪੀੜ੍ਹੀਆਂ ਸੁਧਰ ਜਾਣਗੀਆਂ। ਇਸ ਮੌਕੇ ਵਿਦਿਆਰਥਣਾਂ ਵੱਲੋਂ ਆਪਣੀਆਂ ਆਈਆਂ ਹੋਈਆਂ ਸਤਿਕਾਰਯੋਗ ਮਾਵਾਂ ਲਈ ਬਹੁਤ ਹੀ ਖੂਬਸੂਰਤ ਕਾਰਡ ਬਣਾ ਕੇ ਆਪਣੀਆਂ ਮਾਵਾਂ ਨੂੰ ਤੋਹਫੇ ਵਜੋਂ ਦਿੱਤੇ। ਮਾਂ ਦਿਵਸ ਤੇ ਵਿਦਿਆਰਥੀਆਂ ਵੱਲੋਂ ਕਲਾਸ ਵਾਈਜ਼ ਲੈਕਚਰ, ਗੀਤ ਅਤੇ ਕਵਿਤਾ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚੋਂ ਕੰਪਿਊਟਰ ਵਿਭਾਗ ਦੀ ਵਿਦਿਆਰਥਣ ਨਵਜੋਤ ਕੌਰ ਲੀਲ੍ਹ ਕਲਾਂ ਨੇ ਲੈਕਚਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਉਸ ਨੇ ਕਿਹਾ ਕਿ ਮਾਂ ਊਰਜਾ, ਸ਼ਿਸ਼ਟੀ ਸਿਰਜਣਹਾਰੀ, ਚਾਨਣ, ਗੁਰੂ ਗ੍ਰੰਥ ਦੀ ਬਾਣੀ, ਘਰ ਦੀ ਰੌਣਕ, ਸ਼ਬਦ, ਸ਼ਕਤੀ, ਅਗਨੀ ਤੇ ਪਿਆਰ ਦਾ ਸਾਗਰ ਹੈ। ਮਹਿਕਪਰੀਤ ਭੇਟ ਪੱਤਣ ਨੇ ਦੂਜਾ ਤੇ ਜਸ਼ਨ ਨੇ ਤੀਸਰਾ ਸਥਾਨ ਹਾਸਲ ਕੀਤਾ। ਮਾਂ ਦਿਵਸ ਨਾਲ ਸਬੰਧਤ ਤਿਆਰ ਕੀਤੇ ਗਏ ਬਲੈਕ ਬੋਰਡ, ਮੈਗਜ਼ੀਨ, ਵਾਲ ਮੈਗਜ਼ੀਨ ਤੇ ਕਾਰਡ ਖਿੱਚ ਦਾ ਕੇਂਦਰ ਸਨ। ਅਖੀਰ ਪ੍ਰਿੰ. ਵਿਰਕ ਤੇ ਗਗਨਦੀਪ ਸਿੰਘ ਵਿਰਕ ਨੇ ਬਹੁਤ ਹੀ ਸਤਿਕਾਰਯੋਗ ਮਾਵਾਂ ਨੂੰ ਕਾਲਜ ਦਾ ਔਰਗੈਨਿਕ ਗੁੜ, ਚੌਲ ਤੇ ਸਿਰੋਪਾਓ ਭੇਟ ਕੀਤਾ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਯੂਨੀਫਾਰਮ ਨਾਲ ਸਨਮਾਨਿਤ ਕੀਤਾ ਅਤੇ ਤਹਿ ਦਿਲੋਂ ਧੰਨਵਾਦ ਕੀਤਾ।

ਲੁੱਟ-ਖੋਹ ਦੇ ਮਾਮਲੇ 'ਚ ਭਗੌੜਾ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਮਾਨਯੋਗ ਅਦਾਲਤ ਗੁਰਦਾਸਪੁਰ ਦੇ ਨਿਰਦੇਸ਼ਾਂ ਤੇ ਲੁੱਟ-ਖੋ

16-Feb-PAGE-12.qxd 2/15/2023 11:03 PM Page 1

ਰਾਜਪਾਲ ਨੂੰ ਲੋਕਾਂ ਦੁਆਰਾ ਚੁਣੀ ਸਰਕਾਰ ਦੇ ਕੰਮਕਾਜ 'ਚ ਦਖ਼ਲ ਨਹੀਂ ਦੇਣਾ ਚਾਹੀਦਾ : ਗੌਰਵ ਪੁਰੀ

ਜਲੰਧਰ (ਨਵਾਂ ਜ਼ਮਾਨਾ ਸਰਵਿਸ)

ਸੂਬਾ ਸਰਕਾਰ ਦੇ ਰੋਜ਼ਾਨਾਂ ਦੇ ਕੰਮਕਾਜ 'ਚ ਦਖ਼ਲਅੰਦਾਜ਼ੀ ਦੇਣ ਲਈ ਰਾਜਪਾਲ 'ਤੇ ਨਿਸ਼ਾਨਾ ਲਾਉਂਦੇ ਹੋਏ ਆਮ ਆਦਮੀ ਪਾਰਟੀ ਦੇ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਪੁਰੀ ਨੇ ਕਿਹਾ ਕਿ ਪੰਜਾਬ ਦੇ ਰਾਜਪਾਲ ਆਪਣੇ ਅਹੁਦੇ ਦੀ ਮਰਿਆਦਾ ਭੁੱਲ ਰਹੇ ਹਨ। ਗੌਰਵ ਪੁਰੀ ਨੇ ਕਿਹਾ ਕਿ ਇਹ ਬੇਹੱਦ ਨਿੰਦਣਯੋਗ ਅਤੇ ਮੰਦਭਾਗਾ ਹੈ ਕਿ ਪੰਜਾਬ ਦੇ ਰਾਜਪਾਲ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ ਅਤੇ ਸਰਕਾਰ ਦੇ ਕੰਮਕਾਜ 'ਚ ਦਖ਼ਲਅੰਦਾਜ਼ੀ ਕਰਕੇ ਪੰਜਾਬ ਦੇ ਵਿਕਾਸ 'ਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਕਿਹਾ ਕਿ ਰਾਜਪਾਲ ਆਪਣੀ ਮਰਿਆਣਾ ਦਾ ਧਿਆਨ ਰੱਖਣ ਅਤੇ ਇਸ ਨੂੰ ਪਾਰ ਨਾ ਕਰਨ ਦੀ ਸਲਾਹ ਦਿੰਦੇ ਹੋਏ ਉਨ੍ਹਾ ਨੂੰ ਭਾਜਪਾ ਸਰਕਾਰ ਨੇ ਨਿਯੁਕਤ ਕੀਤਾ ਹੈ, ਪਰ ਮਾਨ ਸਰਕਾਰ ਪੰਜਾਬ ਦੇ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਹੈ। ਇਸ ਲਈ ਰਾਜਪਾਲ ਨੂੰ ਵਿਕਾਸ ਕੰਮਾਂ 'ਚ ਰੁਕਾਵਟ ਨਹੀਂ ਬਣਨਾ ਚਾਹੀਦਾ। ਗੌਰਵ ਪੁਰੀ ਨੇ ਰਾਜਪਾਲ ਨੂੰ ਯਾਦ ਦਿਵਾਇਆ ਕਿ ਧਾਰਾ 157 ਦੇ ਤਹਿਤ, ਮੁੱਖ ਮੰਤਰੀ ਅਤੇ ਰਾਜਪਾਲ, ਦੋਵੇਂ ਭਾਰਤ ਦੇ ਸੰਵਿਧਾਨ ਪ੍ਰਤੀ ਜਵਾਬਦੇਹ ਹਨ ਅਤੇ ਰਾਜਪਾਲ ਮੰਤਰੀ ਪ੍ਰੀਸ਼ਦ ਦੀ ਸਲਾਹ 'ਤੇ ਕੰਮ ਕਰੇਗਾ। ਉਨ੍ਹਾ ਕਿਹਾ ਕਿ ਸੰਵਿਧਾਨ ਦੇ ਨਿਰਮਾਤਾ ਬੀ ਆਰ ਅੰਬੇਡਕਰ ਨੇ ਵੀ ਕਿਹਾ ਸੀ ਰਾਜਪਾਲ ਨੂੰ ਮੰਤਰੀ ਪ੍ਰੀਸ਼ਦ ਦੀ ਸਲਾਹ ਦੀ ਪਾਲਣਾ ਕਰਨਾ ਚਾਹੀਦੀ।

ਆਮ ਲੋਕਾਂ ਦੀਆਂ ਮੁਸ਼ਕਲਾਂ/ਸਮੱਸਿਆਵਾ ਦਾ ਸਮਾਂਬੱਧ ਹੋਵੇਗਾ ਨਿਪਟਾਰਾ : ਹਰਜੋਤ ਬੈਂਸ

ਨੰਗਲ (ਸੁਰਜੀਤ ਸਿੰਘ)

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ,ਉਦਯੋਗਿਕ ਸਿਖਲਾਈ ਅਤੇ ਉਚੇਰੀ ਸਿੱਖਿਆ ਪੰਜਾਬ ਨੇ ਸਵੇਰੇ 9 ਵਜੇ ਤੋਂ 11 ਵਜੇ ਤੱਕ ਨੰਗਲ ਐਸ.ਡੀ.ਐਮ ਦਫਤਰ ਵਿੱਚ ਬੈਠ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਦਾ ਸਮਾਬੱਧ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ। ਬਕਾਇਆ ਮਾਮਲਿਆਂ ਨੂੰ ਜਲਦੀ ਹੱਲ ਕਰਨ ਦੀ ਹਦਾਇਤ ਕਰਦੇ ਹੋਏ .ਬੈਂਸ ਨੇ ਕਿਹਾ ਕਿ ਨੰਗਲ ਅਤੇ ਸ੍ਰੀ ਅਨੰਦਪੁਰ ਸਾਹਿਬ ਉਪ ਮੰਡਲ ਨੂੰ ਪੰਜਾਬ ਵਿੱਚ ਇੱਕ ਰੋਲ ਮਾਡਲ ਵੱਜੋਂ ਪੇਸ਼ ਕੀਤਾ ਜਾਵੇਗਾ, ਜਿੱਥੋ ਦੇ ਸਰਕਾਰੀ ਦਫਤਰਾਂ ਵਿੱਚ ਆਮ ਲੋਕਾਂ ਨਾਲ ਸਬੰਧਿਤ ਮਾਮਲਿਆਂ ਦੀ ਪੈਂਡੈਂਸੀ ਖਤਮ ਕੀਤੀ ਜਾਵੇਗੀ। ਸਿੱਖਿਆ ਮੰਤਰੀ ਆਪਣੇ ਨਿਰਧਾਰਤ ਪ੍ਰੋਗਰਾਮ ਅਨੁਸਾਰ ਸਵੇਰੇ 9 ਵਜੇ ਐਸ.ਡੀ.ਐਮ ਦਫਤਰ ਵਿੱਚ ਪਹੁੰਚੇ, ਜਿਸ ਦੀ ਉਨ੍ਹਾਂ ਵੱਲੋਂ ਦਸ ਦਿਨ ਪਹਿਲਾ ਅਚਨਚੇਤ ਚੈਕਿੰਗ ਕੀਤੀ ਗਈ ਸੀ। ਇੱਥੇ ਪਹੁੰਚਣ ਉਪਰੰਤ ਕੈਬਨਿਟ ਮੰਤਰੀ ਨੇ ਉਪ ਮੰਡਲ ਦੇ ਦਫਤਰ ਵਿੱਚ ਵੱਖ ਵੱਖ ਸ਼ਾਖਾਵਾਂ ਦਾ ਦੌਰਾ ਕੀਤਾ। ਤਹਿਸੀਲ ਅਤੇ ਐਸ.ਡੀ.ਐਮ ਦਫਤਰ ਦੇ ਵਿੱਚ ਚੱਲ ਰਹੇ ਕੰਮ ਅਤੇ ਬਕਾਇਆ ਪਏ ਕੰਮਾਂ ਬਾਰੇ ਜਾਣਕਾਰੀ ਲਈ। ਉਨ੍ਹਾਂ ਨੇ ਲੰਮੇ ਸਮੇਂ ਤੋਂ ਬਕਾਇਆ ਮਾਮਲਿਆਂ ਨੂੰ ਸਮਾਬੱਧ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਕੈਬਨਿਟ ਮੰਤਰੀ ਨੇ ਦਫਤਰ ਦੇ ਆਲੇ ਦੁਆਲੇ ਅਤੇ ਜਨਤਕ ਪਖਾਨਿਆਂ ਦੀ ਹੋਰ ਵਧੇਰੇ ਸਾਫ ਸਫਾਈ ਕਰਨ ਅਤੇ ਪੱਕੇ ਤੌਰ 'ਤੇ ਇੱਥੇ ਸਫਾਈ ਕਰਮਚਾਰੀ ਤੈਨਾਤ ਕਰਨ ਲਈ ਕਿਹਾ। ਉਨ੍ਹਾਂ ਨੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਕਰਨ ਲਈ ਕਿਹਾ। ਕੈਬਨਿਟ ਮੰਤਰੀ ਨੇ ਅਧਿਕਾਰੀਆਂ/ਕਰਮਚਾਰੀਆ ਨੂੰ ਨਿਰਦੇਸ਼ ਦਿੱਤੇ ਕਿ ਆਮ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨਾ ਉਨ੍ਹਾਂ ਦੀ ਜਿੰਮੇਵਾਰੀ ਹੈ, ਜਿਸ ਵਿੱਚ ਬੇਲੋੜੀ ਦੇਰੀ ਤੇ ਖੱਜਲ ਖੁਆਰੀ ਬਰਦਾਸ਼ਤ ਨਹੀ ਕੀਤੀ ਜਾਵੇਗੀ। ਇਸ ਮੌਕੇ ਮਨੀਸ਼ਾ ਰਾਣਾ ਆਈ.ਏ.ਐਸ ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਤੇ ਨੰਗਲ ਨੇ ਦੱਸਿਆ ਕਿ ਤਹਿਸੀਲ ਵਿੱਚ ਕੰਮ ਨੂੰ ਸੁਚਾਰੂ ਢੰਗ ਨਾਲ ਕਰਨ ਲਈ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ। ਸਾਰੇ ਬਕਾਇਆ ਮਾਮਲੇ ਨਿਪਟਾਏ ਜਾ ਰਹੇ ਹਨ, ਟ੍ਰਾਂਸਪੋਰਟ ਵਿਭਾਗ ਦੀ ਪੈਂਡੈਂਸੀ ਖਤਮ ਕੀਤੀ ਜਾ ਰਹੀ ਹੈ, ਆਮ ਲੋਕਾਂ ਨੂੰ ਲਾਈਸੈਂਸ, ਰਜਿਸਟ੍ਰੇਸ਼ਨ, ਫਰਦ, ਜਮਾਂਬੰਦੀ, ਇੰਤਕਾਲ ਆਦਿ ਵਰਗੇ ਕੰਮ ਕਰਵਾਉਣ ਵਿੱਚ ਕੋਈ ਮੁਸ਼ਕਿਲ ਪੇਸ਼ ਨਹੀ ਆ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਲੋਕਾਂ ਦੀਆਂ ਮੁਸਕਿਲਾਂ ਦਾ ਨਿਪਟਾਰਾ ਕਰਨ ਲਈ ਜਿਲ੍ਹਾ ਪ੍ਰਸਾਸ਼ਨ ਵੱਲੋਂ ਉਪ ਮੰਡਲ ਪੱਧਰ ਤੇ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਐਸ.ਡੀ.ਐਮ ਦਫਤਰ ਨੰਗਲ ਵਿੱਚ ਆਮ ਲੋਕਾਂ ਦੀਆਂ ਮੁਸ਼ਕਿਲਾ ਹੱਲ ਕਰਨ ਲਈ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਸਵੇਰੇ 9 ਵਜੇ ਉਪ ਮੰਡਲ ਦਫਤਰ ਦੀ ਪਹਿਲਾਂ ਚੈਕਿੰਗ ਕੀਤੀ ਗਈ ਤੇ ਫਿਰ ਸਾਰੇ ਰਿਕਾਰਡ ਬਾਰੇ ਪਤਾ ਕੀਤਾ ਗਿਆ। ਕੈਬਨਿਟ ਮੰਤਰੀ ਉਪ ਮੰਡਲ ਨੰਗਲ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਗਈਆਂ ਤੇ ਉਨ੍ਹਾਂ ਦੇ ਨਾਲ ਐਸ.ਡੀ.ਐਮ ਮਨੀਸ਼ਾ ਰਾਣਾ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਹਲਕੇ ਦੇ ਲੋਕਾਂ ਨੂੰ ਕਿਸੇ ਵੀ ਤਰਾਂ ਦੀ ਕੋਈ ਵੀ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ, ਉਨ੍ਹਾਂ ਸ਼ਿਕਾਇਤਾਂ ਦਾ ਸਮਾਂਬੱਧ ਹੱਲ ਕੀਤਾ ਤੇ ਜਿਹੜੀਆਂ ਸ਼ਿਕਾਇਤਾਂ ਕਿਸੇ ਕਾਰਨ ਬਕਾਇਆ ਰਹਿ ਗਈਆਂ ਹਨ, ਉਨ੍ਹਾਂ ਦਾ ਸਬੰਧਿਤ ਵਿਭਾਗਾਂ ਨੂੰ ਤੁਰੰਤ ਹੱਲ ਕਰਨ ਲਈ ਕਿਹਾ। ਇਸ ਮੌਕੇ ਦੀਪਕ ਸੋਨੀ ਭਨੂਪਲੀ, ਸਤੀਸ਼ ਚੋਪੜਾ, ਪਰਵੀਨ ਅੰਸਾਰੀ, ਐਡਵੋਕੇਟ ਨੀਰਜ ਸ਼ਰਮਾ,ਡੀ.ਐਸ.ਪੀ ਸਤੀਸ਼ ਸ਼ਰਮਾ, ਕਾਰਜ ਸਾਧਕ ਅਫਸਰ ਭੁਪਿੰਦਰ ਸਿੰਘ, ਨਾਇਬ ਤਹਿਸੀਲਦਾਰ ਨੀਰਜ ਸ਼ਰਮਾ,ਐਮ.ਈ ਵਿਨੇ ਮਹਾਜਨ, ਐਸ.ਐਚ.ਓ ਦਾਨਿਸ਼ਵੀਰ ਸਿੰਘ, ਮੁਕੇਸ਼ ਵਰਮਾ, ਰੋਹਿਤ ਸ਼ਰਮਾ, ਰਛਪਾਲ ਰਾਣਾ, ਗੁਰਨਾਮ ਸਿੰਘ, ਨਰੋਤਮ ਲਾਲ, ਸੁਪਰਡੈਂਟ ਹਰਵਿੰਦਰ ਸਿੰਘ, ਗੁਰਦੀਪ ਕੁਮਾਰ, ਸੁਪਰਡੈਂਟ ਅਮਰੀਕ ਸਿੰਘ ਆਦਿ ਹਾਜ਼ਰ ਸਨ।

ਕਿਸਾਨਾਂ ਦਾ ਸਿਰੜੀ ਆਗੂ ਸੀ ਕਾਮਰੇਡ ਚੈਂਚਲ ਸਿੰਘ ਧੂੰਦਾ

ਕਾਮਰੇਡ ਚੈਂਚਲ ਸਿੰਘ ਧੂੰਦਾ ਦਾ ਜਨਮ ਪਿਤਾ ਅਜੈਬ ਸਿੰਘ ਤੇ ਮਾਤਾ ਅੰਨਤ ਕੌਰ ਦੀ ਕੁੱਖੋਂ ਪਿੰਡ ਧੂੰਦਾ ਵਿਖੇ ਹੋਇਆ। ਆਪ ਨੇ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਖੇਤੀਬਾੜੀ ਦਾ ਕੰਮ ਸ਼ੁਰੂ ਕੀਤਾ। ਚੈਂਚਲ ਸਿੰਘ ਦਾ ਵਿਆਹ ਚਰਨ ਕੌਰ ਨਾਲ ਹੋਇਆ। ਆਪ ਦੇ ਔਲਾਦ ਨਾ ਹੋਣ ਕਾਰਨ ਮਾਤਾ-ਪਿਤਾ ਨੇ ਚਰਨ ਕੌਰ ਦੀ ਸਹਿਮਤੀ ਨਾਲ ਦੂਸਰਾ ਵਿਆਹ ਧੀਰ ਕੌਰ ਨਾਲ ਕਰ ਦਿੱਤਾ ਜਿਸ ਦੀ ਕੁੱਖੋਂ ਤਿੰਨ ਬੱਚਿਆਂ ਨੇ ਜਨਮ ਲਿਆ ਜਿਨਾਂ ਦੇ ਨਾਂਅ ਦਵਿੰਦਰ ਕੌਰ, ਯਾਦਵਿੰਦਰ ਸਿੰਘ ਤੇ ਲਖਵਿੰਦਰ ਕੌਰ ਹਨ। ਲਖਵਿੰਦਰ ਕੌਰ ਪਿੰਡ ਝੰਡੇਰ ਮਹਾਂਪੁਰਖਾ ਵਿਖੇ ਵਿਆਹੀ ਹੋਈ ਅਤੇ ਪਿੰਡ ਦੀ ਮੌਜੂਦਾ ਸਰਪੰਚ ਹੈ। ਚੈਂਚਲ ਸਿੰਘ ਦਾ ਬੇਟਾ ਯਾਦਵਿੰਦਰ ਸਿੰਘ ਵੀ ਪੰਜਾਬ ਕਿਸਾਨ ਸਭਾ ਦਾ ਸਿਰੜੀ ਤੇ ਬੇਦਾਗ ਆਗੂ ਰਿਹਾ। ਕਾਮਰੇਡ ਚੈਂਚਲ ਸਿੰਘ ਘਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ 1975 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ ਤੇ ਪਾਰਟੀ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ ਤੇ ਲੰਬਾ ਸਮਾਂ ਸੀਪੀਆਈ ਦੇ ਜ਼ਿਲ੍ਹਾ ਕੌਂਸਲ ਮੈਂਬਰ ਰਹੇ। ਉਨ੍ਹਾਂ 'ਅੰਨ ਅੰਦੋਲਨ' ਦੇ ਮੋਰਚੇ ਵਿੱਚ ਕਾਮਰੇਡ ਸਤਪਾਲ ਡਾਂਗ ਦੀ ਅਗਵਾਈ ਹੇਠ ਅੰਮ੍ਰਿਤਸਰ ਜੇਲ੍ਹ ਵਿਚ ਵੀ ਕੈਦ ਕੱਟੀ। ਹੜ੍ਹਾਂ ਨਾਲ 1986 ਵਿੱਚ ਹੋਈ ਤਬਾਹੀ ਕਾਰਨ ਲੋਕ ਮੁਸ਼ਕਲਾਂ ਨਾਲ ਜੂਝਣ ਲੱਗੇ। ਪਾਰਟੀ ਦੀ ਆਵਾਮੀ ਜਥੇਬੰਦੀ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਤਬਾਹੀ ਦਾ ਮੁਆਵਜ਼ਾ ਲੈਣ ਲਈ ਮੋਰਚਾ ਲੱਗਾ ਜਿਸ ਵਿਚ ਅੰਮ੍ਰਿਤਸਰ ਜ਼ਿਲ੍ਹੇ ਵਿੱਚੋਂ ਤਕਰੀਬਨ 19 ਸਾਥੀ ਕਾਮਰੇਡ ਜਤਿੰਦਰ ਪੰਨੂ ਤੇ ਪ੍ਰੋਫਸਰ ਗੁਰਦੀਪ ਸਿੰਘ ਦੀ ਅਗਵਾਈ ਹੇਠ ਜਥੇ ਵਿੱਚ ਗਏ ਜਿਨ੍ਹਾਂ 'ਚੋਂ ਬਲਾਕ ਖਡੂਰ ਸਾਹਿਬ ਤੋਂ ਕਾਮਰੇਡ ਚੈਂਚਲ ਸਿੰਘ ਵੀ ਲੁਧਿਆਣੇ ਸਨ ਤੇ ਇੱਕ ਮਹੀਨਾ ਕੈਦ ਕੱਟ ਕੇ ਆਏ। ਮੋਦੀ ਸਰਕਾਰ ਖਿਲਾਫ ਕਿਸਾਨੀ ਸੰਘਰਸ਼ ਵਿਚ ਦਿੱਲੀ ਜਾਣ ਸਮੇ ਕਾਮਰੇਡ ਚੈਂਚਲ ਸਿੰਘ 26.ਨਵੰਬਰ 2021 ਨੂੰ ਪਹਿਲੇ ਦਿਨ ਕਾਮਰੇਡ ਦਵਿੰਦਰ ਕਮਾਰ ਸੋਹਲ ਦੀ ਅਗਵਾਈ ਹੇਠ ਦਿੱਲੀ ਮੋਰਚੇ ਵਿਚ ਸ਼ਾਮਿਲ ਹੋਏ। ਦੂਜੀ ਵਾਰ ਬਲਾਕ ਖਡੂਰ ਸਾਹਿਬ ਤੋਂ ਕਾਮਰੇਡ ਦਰਸ਼ਨ ਸਿੰਘ ਬਿਹਾਰੀਪੁਰ ਦੀ ਅਗਵਾਈ ਹੇਠ ਜਥਾ ਪਿੰਡ ਧੂੰਦਾ ਤੋਂ ਦਿੱਲੀ ਨੂੰ ਰਵਾਨਾ ਕੀਤਾ ਗਿਆ। ਉਸ ਵਿੱਚ ਚੈਂਚਲ ਸਿੰਘ ਲੱਗਭਗ 10 ਦਿਨ ਦਿੱਲੀ ਮੋਰਚੇ ਵਿਚ ਲਾ ਕੇ ਵਾਪਸ ਮੁੜੇ । ਸੰਯੁਕਤ ਕਿਸਾਨ ਮੋਰਚੇ ਵੱਲੋਂ ਜਦੋਂ ਵੀ ਸੱਦਾ ਆਇਆ ਤਾਂ ਉਨ੍ਹਾਂ ਨੇ ਆਪਣੇ ਤੇ ਆਪਣੇ ਘਰ ਦੀ ਕੋਈ ਪ੍ਰਵਾਹ ਨਹੀਂ ਕੀਤੀ, ਹਰ ਵਾਰ ਹਾਜ਼ਰ ਹੁੰਦੇ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਕਮੇਟੀ ਖਡੂਰ ਸਾਹਿਬ ਦੇ 1975 ਤੋਂ ਲਗਾਤਾਰ ਮੈਂਬਰ ਚੱਲੇ ਆ ਰਹੇ ਹਨ। ਕਾਮਰੇਡ ਚੈਂਚਲ ਸਿੰਘ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਲਗਾਤਾਰ 35 ਸਾਲ ਸੱਕਤਰ ਰਹੇ। ਕੋਆਪਰੇਟਿਵ ਸੁਸਾਇਟੀ ਦੇ ਵੀ ਲੰਮਾ ਸਮਾਂ ਸੱਕਤਰ ਰਹੇ। ਉਹ ਪਿੰਡ ਧੂੰਦਾ ਦੇ ਪੰਚਾਇਤ ਮੈਂਬਰ ਵੀ ਰਹੇ। ਉਹ ਵਿਕਾਸ ਕਾਰਜਾਂ ਨੂੰ ਆਪਣੇ ਘਰ ਦੇ ਕੰਮਾਂ ਤੋਂ ਜ਼ਿਆਦਾ ਤਰਜੀਹ ਦਿੰਦੇ ਸਨ। ਪਿੰਡ ਧੂੰਦਾ ਜੋ ਬਿਆਸ ਦਰਿਆ ਕਿਨਾਰੇ ਤੇ ਵੱਸਿਆ ਹੋਇਆ ਹੈ। ਉਨ੍ਹਾਂ ਦੇ ਪਿੰਡ ਦੀ ਅੱਧ ਤੋਂ ਵੱਧ ਜ਼ਮੀਨ ਦਰਿਆ ਬਿਆਸ ਦੇ ਅਗਲੇ ਪਾਸੇ ਮੰਡ ਖੇਤਰ ਵਿਚ ਆਉਂਦੀ ਹੈ। ਲੋਕਾਂ ਨੂੰ ਬੰਨ੍ਹ ਲਾਉਣ ਤੋਂ ਰੋਕਣ ਤੇ ਜ਼ਮੀਨਾਂ ਦੀ ਬਰਬਾਦੀ ਨੂੰ ਬਚਾਉਣ ਲਈ ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਦੇਵ ਸਿੰਘ ਧੂੰਦਾ ਦੀ ਅਗਵਾਈ ਹੇਠ ਲੱਗੇ ਮੋਰਚੇ ਵਿਚ ਵੀ ਉਹ ਸ਼ਾਮਲ ਰਹੇ। ਕਾਮਰੇਡ ਚੈਂਚਲ ਸਿੰਘ ਧੂੰਦਾ ਨੂੰ ਪਹਿਲਾਂ ਪੈਰਾਲਾਈਜ਼ ਦਾ ਅਟੈਕ ਹੋਇਆ ਸੀ। ਆਪ੍ਰੇਸ਼ਨ ਤੋਂ ਬਾਅਦ ਉਹ ਠੀਕ ਵੀ ਹੋ ਗਏ ਪਰ 8 ਫਰਵਰੀ 2023 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਆਪਣੇ ਪਰਿਵਾਰ, ਸੱਜਣਾਂ-ਮਿੱਤਰਾਂ ਤੇ ਪਾਰਟੀ ਸਾਥੀਆਂ ਨੂੰ ਅਲਵਿਦਾ ਕਹਿ ਕੇ ਪਰਲੋਕ ਗਮਨ ਕਰ ਗਏ। ਉਹ ਲੱਗਭਗ 88 ਸਾਲਾਂ ਦੇ ਸਨ। 16.ਫ਼ਰਵਰੀ ਨੂੰ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਗਿਆਨ ਪ੍ਰਕਾਸ਼ ਧੂੰਦਾ ਵਿਖੇ ਹੋਵੇਗਾ। ਉਨ੍ਹਾਂ ਦੇ ਸਾਥੀ ਤੇ ਪਿਆਰ ਕਰਨ ਵਾਲੇ ਸ਼ਰਧਾਂਜਲੀ ਭੇਟ ਤੇ ਅਧੂਰੇ ਕਾਰਜ ਪੂਰੇ ਕਰਨ ਦਾ ਅਹਿਦ ਕਰਨਗੇ।

- ਕਾਮਰੇਡ ਗੁਰਦਿਆਲ ਸਿੰਘ
82646-02580

ਦੋ ਰੋਜ਼ਾ ਯੁਵਕ ਦਿਵਸ ਸਮਾਪਤ, 926 ਯੂਨਿਟ ਵੱਧ ਖੂਨ ਇਕੱਤਰ

ਫਗਵਾੜਾ (ਜਸਵਿੰਦਰ ਢੱਡਾ)-ਨੌਜਵਾਨ ਪੀੜ੍ਹੀ ਨੂੰ ਕਲਾਤਮਕ ਰੁਚੀਆਂ ਨਾਲ ਜੋੜਨ ਨਾਲ ਸਮਾਜ ਹੋਰ ਸੁੰਦਰ ਹੋਵੇਗਾ। ਇਹ ਪ੍ਰਗਟਾਵਾ ਡਾ. ਅਸ਼ੋਕ ਮਿਤੱਲ ਮੈਂਬਰ ਰਾਜ ਸਭਾ ਨੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਕਰਵਾਏ ਦੋ ਰੋਜ਼ਾ ਯੁਵਕ ਦਿਵਸ ਸਮਾਗਮ ਅੰਤਿਮ ਦਿਨ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਉਸਾਰੂ ਪਾਸੇ ਲਗਾ ਕੇ ਉਨ੍ਹਾਂ ਦਾ ਭਵਿੱਖ ਸੰਵਾਰਿਆ ਜਾ ਸਕਦਾ ਹੈ। ਇਸ ਮੌਕੇ ਵਿਸੇਸ ਮਹਿਮਾਨ ਪ੍ਰੋ ਚਾਂਸਲਰ ਸ੍ਰੀਮਤੀ ਰਸਮੀ ਮਿੱਤਲ ਵੱਲੋਂ ਵੀ ਆਪਣੇ ਸੰਖੇਪ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਗਈ। ਯੁਵਕ ਸੇਵਾਵਾਂ ਵਿਭਾਗ ਕਪੂਰਥਲਾ ਦੇ ਸਹਾਇਕ ਡਾਇਰੈਕਟਰ ਪ੍ਰੀਤ ਕੋਹਲੀ ਨੇ ਦੱਸਿਆ ਕਿ ਵਿਭਾਗ ਵੱਲੋਂ ਨੌਜਵਾਨਾਂ ਦੀ ਬਿਹਤਰੀ ਲਈ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਂਦੇ ਹਨ,ਜਿਸ ਤਹਿਤ ਯੂਥ ਲੀਡਰਸ਼ਿਪ ਅਤੇ ਇੰਟਰ-ਸਟੇਟ ਟੂਰ ਵੀ ਕਰਵਾਏ ਜਾਂਦੇ ਹਨ। ਇਸ ਉਪਰੰਤ ਭਾਗੀਦਾਰਾਂ ਦੇ ਪੋਸਟਰ ਮੇਕਿੰਗ, ਰੰਗੋਲੀ , ਕੁਇਜ , ਭਾਸ਼ਣ , ਕਵਿਤਾ ਗਾਇਨ ਤੇ ਡਿਬੇਟ ਮੁਕਾਬਲੇ ਕਰਵਾਏ ਗਏ। ਰੰਗੋਲੀ ਮੁਕਾਬਲਿਆਂ ਵਿੱਚ ਪੂਜਾ ਸੰਧੂ ਜੀਐਨ ਏ ਯੂਨੀਵਰਸਿਟੀ ਫਗਵਾੜਾ ਨੇ ਪਹਿਲਾ ਸਥਾਨ ,ਪ੍ਰਭਜੀਤ ਕੌਰ ਐਨ ਜੇ ਐਸ ਏ ਸਰਕਾਰੀ ਕਾਲਜ ਕਪੂਰਥਲਾ ਨੇ ਦੂਜਾ ਸਥਾਨ ਅਤੇ ਜਤਿਨ ਸਕੂਲ ਆਫ ਫਾਈਨ ਆਰਟਸ ਐਲ ਪੀ ਯੂ ਦੇ ਵਿਦਿਆਰਥੀ ਨੇ ਤੀਜਾ ਸਥਾਨ ਹਾਸਲ ਕੀਤਾ। ਪੋਸਟਰ ਬਣਾਉਣ ਦੇ ਮੁਕਾਬਲੇ ਵਿੱਚ ਅਭਿਸੇਕ ਜੋਸ਼ੀ ਸਕੂਲ ਆਫ ਹਿਊਮੈਨੀਜ ਐਲ ਪੀ ਯੂ ਨੇ ਪਹਿਲਾ ,ਜੀ ਐਨ ਬੀ ਐਲ ਫਗਵਾੜਾ ਦੀ ਹਰਸ਼ਦੀਪ ਨੇ ਦੂਜਾ ਅਤੇ ਜੀ ਐਨ ਏ ਯੂਨੀਵਰਸਿਟੀ ਦੀ ਕੁਮਕੁਮ ਨੇ ਤੀਜਾ ਸਥਾਨ ਹਾਸਲ ਕੀਤਾ। ਕੁਇਜ ਦੇ ਮੁਕਾਬਲੇ ਵਿੱਚ ਆਰਮੀ ਪਬਲਿਕ ਸਕੂਲ ਬਿਆਸ ਨੇ ਪਹਿਲਾ ਸਥਾਨ, ਸਕੂਲ ਆਫ ਐਜੂਕੇਸ਼ਨ ਲਵਲੀ ਪ੍ਰੋਫੈਸਨਲ ਯੂਨੀਵਰਸਿਟੀ ਕਾਲਜ ਨੇ ਦੂਜਾ ਅਤੇ ਜੀ. ਐਨ ਬ